Ending domestic abuse

# ਜ਼ੋਖਮ ਸ਼ਨਾਖ਼ਤ ਜਾਂਚ-ਸੂਚੀ
# ਤੁਰੰਤ ਸ਼ੁਰੂਆਤੀ ਅਗਵਾਈ

ਤੁਸੀਂ ਇਸ ਜਾਂਚ-ਸੂਚੀ ਨੂੰ ਵੇਖ ਰਹੇ ਹੋ ਸਕਦੇ ਹੋ, ਕਿਉਂਕਿ ਤੁਸੀਂ ਘਰੇਲੂ ਸ਼ੋਸ਼ਣ ਵਾਲੇ ਇੱਕ ਪੀੜ੍ਹਤ ਨਾਲ ਪੇਸ਼ੇਵਰ ਦੀ ਸਮਰੱਥਾ ਵਿਚ ਕੰਮ ਕਰ ਰਹੇ ਹੋ। ਇਹ ਟਿੱਪਣੀਆਂ, ਤੁਹਾਨੂੰ ਜਾਂਚ-ਸੂਚੀ ਵਿਚਲੇ ਸੁਆਲਾਂ ਦੀ ਅਹਿਮੀਅਤ ਨੂੰ ਸਮਝਣ ਵਿਚ ਮਦਦ ਲਈ ਹਨ। ਘਰੇਲੂ ਸ਼ੋਸ਼ਣ ਦੇ ਕਈ ਰੂਪ ਹੋ ਸਕਦੇ ਹਨ, ਪਰ ਇਹ ਆਮ ਤੌਰ 'ਤੇ ਮਰਦਾਂ ਵਲੋਂ ਇਸਤ੍ਰੀਆਂ 'ਤੇ ਇੱਕ ਨਜ਼ਦੀਕੀ ਸਬੰਧ ਜਿਵੇਂ ਕਿ ਮਰਦ-ਦੋਸਤ/ਕੁੜੀ-ਦੋਸਤ, ਪਤੀ/ਪਤਨੀ ਵਿਚ ਕੀਤੇ ਜਾਂਦੇ ਹਨ। ਇਸ ਜਾਂਚ-ਸੂਚੀ ਨੂੰ, ਸਮਲਿੰਗੀ ਇਸਤ੍ਰੀਆਂ (ਲੈਸਬੀਅਨ), ਮਰਦ-ਮਰਦ ਜਿਨਸੀ ਸਬੰਧਾਂ (ਗੇਅ), ਦੋਵੇਂ ਕਿਸਮ ਦੇ ਲਿੰਗ ਵਾਲੇ ਵਿਅਕਤੀਆਂ ਨਾਲ ਜਿਨਸੀ ਸਬੰਧਾਂ (ਬਾਈਸੈਕਸੁਅਲ) ਅਤੇ 'ਇੱਜ਼ਤ'-ਅਧਾਰਿਤ ਹਿੰਸਾ ਜਾਂ ਪਰਿਵਾਰਕ ਹਿੰਸਾ ਲਈ ਵੀ ਵਰਤਿਆ ਜਾ ਸਕਦਾ ਹੈ। ਘਰੇਲੂ ਸ਼ੋਸ਼ਣ ਵਿਚ ਸਰੀਰਕ, ਭਾਵਨਾਤਮਕ, ਮਾਨਸਿਕ, ਜਿਨਸੀ ਜਾਂ ਮਾਲੀ ਸ਼ੋਸ਼ਣ ਦੇ ਨਾਲ-ਨਾਲ ਅਛੋਪਲੇ ਪਿੱਛਾ ਕਰਨਾ ਅਤੇ ਤੰਗ-ਪਰੇਸ਼ਾਨ ਕਰਨਾ ਸ਼ਾਮਿਲ ਹੋ ਸਕਦਾ ਹੈ। ਉਹ, ਇੱਕ ਤਰ੍ਹਾਂ ਦੇ ਜਾਂ ਹਰ ਤਰ੍ਹਾਂ ਦੇ ਸ਼ੋਸ਼ਣ ਦਾ ਅਨੁਭਵ ਕਰ ਰਹੇ ਹੋ ਸਕਦੇ ਹਨ; ਹਰੇਕ ਸਥਿਤੀ ਵਿਲੱਖਣ ਹੈ। ਇਹ, ਉਹਨਾਂ ਵਿਹਾਰਾਂ ਦਾ ਸੁਮੇਲ ਹੈ, ਜੋ ਬਹੁਤ ਡਰਾਉਣਾ ਹੋ ਸਕਦਾ ਹੈ। ਇਹ ਇੱਕ ਰਿਸ਼ਤੇ ਦੇ ਦੌਰਾਨ ਜਾਂ ਇਸਦੇ ਖ਼ਤਮ ਹੋਣ ਮਗਰੋਂ, ਦੋਵਾਂ ਸਥਿਤੀਆਂ ਵਿਚ ਹੋ ਸਕਦਾ ਹੈ।

DASH RISK CHECKLIST ਦਾ ਉਦੇਸ਼, ਉਹਨਾਂ ਪ੍ਰੈਕਟਿਸ਼ਨਰਾਂ, ਜੋ ਘਰੇਲੂ ਸ਼ੋਸ਼ਣ ਦੇ ਬਾਲਗ ਪੀੜ੍ਹਤਾਂ ਨਾਲ ਕੰਮ ਕਰਦੇ ਹਨ, ਨੂੰ ਉਹਨਾਂ ਲੋਕਾਂ, ਜਿਹਨਾਂ ਨੂੰ ਨੁਕਸਾਨ ਦਾ ਬਹੁਤ ਜ਼ਿਆਦਾ ਖ਼ਤਰਾ ਹੈ ਅਤੇ ਜਿਹਨਾਂ ਦੇ ਕੇਸਾਂ ਨੂੰ, ਉਹਨਾਂ ਦੇ ਜ਼ੋਖਮ ਦੇ ਪ੍ਰਬੰਧ ਲਈ ਇੱਕ Marac ਮੀਟਿੰਗ ਲਈ ਭੇਜਿਆ ਜਾਣਾ ਚਾਹੀਦਾ ਹੈ, ਦੀ ਸ਼ਨਾਖ਼ਤ ਵਿਚ ਮਦਦ ਦੇਣ ਲਈ ਇੱਕ ਨਿਰੰਤਰਤਾ ਵਾਲਾ ਅਤੇ ਅਸਾਨ ਤਰੀਕਾ ਦੇਣਾ ਹੈ। ਜੇ ਤੁਸੀਂ, ਬੱਚੇ ਜਾਂ ਬੱਚਿਆਂ ਬਾਰੇ ਫ਼ਿਕਰਮੰਦ ਹੋ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਦੀ ਸੁਰੱਖਿਆ ਅਤੇ ਭਲਾਈ ਦਾ ਪੂਰਾ ਮੁਲਾਂਕਣ ਕੀਤਾ ਗਿਆ ਹੈ, ਇੱਕ ਰੈਫ਼ਰਲ ਕਰਨਾ ਚਾਹੀਦਾ ਹੈ।

### ਪੀੜ੍ਹਤ ਨੂੰ ਤੁਹਾਡੀ ਏਜੰਸੀ ਦੇ ਢਾਂਚੇ ਦੇ ਅੰਦਰ ਹੀ DASH RISK CHECKLIST ਬਾਰੇ ਦੱਸਿਆ ਜਾਣਾ ਚਾਹੀਦਾ ਹੈ:

- ਰਾਜ਼ਦਾਰੀ ਦੀ ਪਾਲਸੀ
- ਜਾਣਕਾਰੀ ਦੀ ਸਾਂਝ ਬਾਰੇ ਪਾਲਸੀ ਅਤੇ ਪ੍ਰੋਟੋਕੌਲ
- Marac ਦੀਆਂ ਰੈਫ਼ਰਲ ਪਾਲਸੀਆਂ ਅਤੇ ਪ੍ਰੋਟੋਕੌਲ

### ਇਸ ਤੋਂ ਪਹਿਲਾਂ ਕਿ ਤੁਸੀਂ DASH RISK CHECKLIST ਵਿਚ ਸੁਆਲ ਪੁੱਛਣਾ ਸ਼ੁਰੂ ਕਰੋ:

- ਪੱਕਾ ਕਰੋ ਕਿ ਤੁਹਾਡੇ ਨਾਲ ਗੱਲ ਕਰਨ ਲਈ ਪੀੜ੍ਹਤ ਕੋਲ ਕਿੰਨਾ ਸਮਾਂ ਹੈ? ਕੀ ਹੁਣ ਗੱਲ ਕਰਨਾ ਸੁਰੱਖਿਅਤ ਹੈ? ਸੁਰੱਖਿਅਤ ਸੰਪਰਕ ਵੇਰਵੇ ਕੀ ਹਨ?
- ਕੁਕਰਮ ਕਰਨ ਵਾਲਿਆਂ ਅਤੇ ਬੱਚਿਆਂ ਦਾ ਥਹੁ-ਪਤਾ ਪੱਕਾ ਕਰੋ;
- ਦੱਸੋ ਕਿ ਤੁਸੀਂ ਇਹ ਸੁਆਲ ਕਿਉਂ ਪੁੱਛ ਰਹੇ ਹੋ ਅਤੇ ਇਹ Marac ਨਾਲ ਕਿਵੇਂ ਸਬੰਧਿਤ ਹਨ

### ਜਦੋਂ ਤੁਸੀਂ DASH RISK CHECKLIST ਵਿਚ ਸੁਆਲਾਂ ਪੁੱਛ ਰਹੇ ਹੋ:

- ਸ਼ੁਰੂ ਵਿਚ ਹੀ ਉਹਨਾਂ ਦੀ ਸ਼ਨਾਖ਼ਤ ਕਰੋ, ਜਿਹਨਾਂ ਤੋਂ ਪੀੜ੍ਹਤ ਡਰਦਾ/ਡਰਦੀ ਹੈ – ਸਾਬਕਾ ਸਾਥੀ/ਸਾਥੀ/ਪਰਿਵਾਰ ਦਾ ਮੈਂਬਰ
- ਲਿੰਗ ਨਿਰਪੱਖ ਸ਼ਬਦਾਂ, ਜਿਵੇਂ ਕਿ ਸਾਥੀ/ਸਾਬਕਾ-ਸਾਥੀ ਦੀ ਵਰਤੋਂ ਕਰਨਾ। ਇੱਕ ਸੁਰੱਖਿਅਤ, ਪਹੁੰਚਯੋਗ ਮਾਹੌਲ ਤਿਆਰ ਕਰਨ ਨਾਲ, ਇਸ ਸੇਵਾ ਲਈ ਪਹੁੰਚ ਕਰਨ ਵਾਲੇ LGBT ਪੀੜ੍ਹਤ, ਘਰੇਲੂ ਹਿੰਸਾ ਅਤੇ ਆਪਣੇ ਜਿਨਸੀ ਰੁਝਾਨ ਜਾਂ ਲਿੰਗਕ ਸ਼ਨਾਖ਼ਤ ਬਾਰੇ ਦੱਸ ਸਕਣਗੇ।

## ਪੀੜ੍ਹਤ ਨੂੰ DASH RISK CHECKLIST ਦੇ ਸਿੱਟਿਆਂ ਬਾਰੇ ਦੱਸਣਾ:

ਕਿਸੇ ਨੂੰ ਦੱਸਣਾ ਕਿ ਉਹਨਾਂ ਨੂੰ ਗੰਭੀਰ ਨੁਕਸਾਨ ਜਾਂ ਕਤਲ ਦਾ ਬਹੁਤ ਜ਼ਿਆਦਾ ਖ਼ਤਰਾ ਹੈ, ਉਹਨਾਂ ਲਈ ਸੁਣਨ ਵਿਚ ਡਰਾਉਣਾ ਅਤੇ ਭਾਰੂ ਹੋ ਸਕਦਾ ਹੈ। ਇਹ ਮਹੱਤਵਪੂਰਣ ਹੈ ਕਿ ਤੁਸੀਂ, ਜੋ ਜੁਆਬਾਂ ਉਹਨਾਂ ਨੇ ਤੁਹਾਨੂੰ ਦਿੱਤੇ ਹਨ ਅਤੇ ਤੁਹਾਡੀ ਨਿਰਣਾ ਲੈਣ ਦੀ ਪੇਸ਼ੇਵਰ ਸਮਰੱਥਾ ਦੀ ਵਰਤੋਂ ਨਾਲ ਆਪਣੀਆਂ ਚਿੰਤਾਵਾਂ ਬਾਰੇ ਦੱਸੋ। ਇਸ ਲਈ ਇਹ ਮਹੱਤਵਪੂਰਣ ਹੈ ਕਿ ਤੁਸੀਂ Marac ਅਤੇ ਬੱਚਿਆਂ ਦੀਆਂ ਸੇਵਾਵਾਂ (Children's Services) ਲਈ ਰੈਫ਼ਰ ਕਰਦਿਆਂ ਆਪਣੇ ਇਲਾਕੇ ਦੇ ਪ੍ਰੋਟੋਕੌਲਾਂ ਦੀ ਪਾਲਣਾ ਕਰੋ। ਇਸਦੇ ਨਾਲ ਹੀ, ਸ਼ਨਾਖ਼ਤ ਕਰੋ ਕਿ ਕਿਸੇ ਨੂੰ ਵੀ, ਜੋ ਇਸ ਵੇਲੇ ਬਹੁਤ ਜ਼ਿਆਦਾ ਜ਼ੋਖਮ ਵਾਲਾ ਨਹੀਂ ਹੈ,ਇਹ ਯਕੀਨੀ ਬਣਾਉਣ ਲਈ ਕਿ ਵਿਅਕਤੀ ਇਹ ਮਹਿਸੂਸ ਨਾ ਕਰੇ ਕਿ ਉਸਦੀ ਹਾਲਤ ਨੂੰ ਘੱਟ ਕਰਕੇ ਵੇਖਿਆ ਜਾ ਰਿਹਾ ਹੈ ਅਤੇ ਇਹ ਕਿ ਉਹਨਾਂ ਨੂੰ ਮਦਦ ਲਈ ਕਹਿਣ ਵਾਸਤੇ ਸ਼ਰਮਿੰਦਗੀ ਮਹਿਸੂਸ ਨਾ ਹੋਵੇ, ਧਿਆਨ ਨਾਲ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ। ਵਿਸਥਾਰ ਨਾਲ ਦੱਸੋ ਕਿ ਇਹ ਕਾਰਕ, ਕਤਲ ਅਤੇ ਗੰਭੀਰ ਨੁਕਸਾਨ ਨਾਲ ਜੁੜੇ ਹੋਏ ਹਨ ਅਤੇ ਇਹ ਕਿ ਜੇ ਉਸ ਨੂੰ, ਭਵਿੱਖ ਵਿਚ ਇਹਨਾਂ 'ਚੋਂ ਕਿਸੇ ਦਾ ਅਨੁਭਵ ਹੁੰਦਾ ਹੈ, ਉਹਨਾਂ ਨੂੰ, ਤੁਹਾਡੀ ਸੇਵਾ ਨਾਲ ਜਾਂ ਆਪਤਾਕਾਲੀਨ ਸੰਕਟ ਵਿਚ 999 'ਤੇ ਐਮਰਜੈਂਸੀ ਸੇਵਾ ਨਾਲ ਵਾਪਸ ਸੰਪਰਕ ਕਰਨਾ ਚਾਹੀਦਾ ਹੈ।

ਕਿਰਪਾ ਕਰਕੇ, ਸਾਰੇ ਕੇਸਾਂ ਵਿਚ ਪ੍ਰੈਕਟਿਸ਼ਨਰ ਦੇ ਪੇਸ਼ੇਵਰਾਨਾ ਫ਼ੈਸਲੇ ਵੱਲ ਖ਼ਾਸ ਤੌਰ 'ਤੇ ਧਿਆਨ ਦਿਓ। ਇੱਕ ਜਾਂਚ-ਸੂਚੀ ਤੋਂ ਨਤੀਜੇ, ਜ਼ੋਖਮ ਦਾ ਪੱਕਾ ਮੁਲਾਂਕਣ ਨਹੀਂ ਹਨ। ਉਹਨਾਂ ਨੂੰ ਤੁਹਾਨੂੰ, ਤੁਹਾਡੇ ਫ਼ੈਸਲੇ ਬਾਰੇ ਸੂਚਿਤ ਕਰਨ ਲਈ ਇੱਕ ਢਾਂਚਾ ਮੁਹਈਆ ਕਰਨਾ ਚਾਹੀਦਾ ਹੈ ਅਤੇ ਹੋਰ ਸੁਆਲ ਪੁੱਛਣ, ਵਿਸ਼ਲੇਸ਼ਣ ਅਤੇ ਜ਼ੋਖਮ ਪ੍ਰਬੰਧਨ ਲਈ ਇੱਕ Marac ਜਾਂ ਕਿਸੇ ਹੋਰ ਤਰੀਕੇ ਰਾਹੀਂ ਪ੍ਰਾਂਪਟ ਵਜੋਂ ਕਾਰਵਾਈ ਕਰਨੀ ਚਾਹੀਦੀ ਹੈ।**ਤੁਹਾਡੇ ਸਥਾਨਕ ਰੈਫ਼ਰਲ ਉੱਚਤਮ ਸੀਮਾ ਦੀ ਸ਼ਨਾਖ਼ਤ ਦੀ ਜ਼ਿੰਮੇਵਾਰੀ, ਤੁਹਾਡੇ ਸਥਾਨਕ Marac ਦੀ ਹੈ।**

## ਵਸੀਲੇ:

ਯਕੀਨੀ ਬਣਾਓ ਕਿ ਤੁਹਾਨੂੰ, ਆਪਣੀ ਖ਼ੁਦ ਦੀ ਏਜੰਸੀ ਅਤੇ ਹੋਰਨਾਂ ਏਜੰਸੀਆਂ ਦੇ ਅੰਦਰ, ਦੋਵਾਂ ਵਿਚ ਤੁਹਾਡੇ ਵਲੋਂ ਪੇਸ਼ਕਸ਼ ਕੀਤੀਆਂ ਜਾ ਸਕਣ ਵਾਲੀਆਂ ਸੁਰੱਖਿਆ ਯੋਜਨਾਬੰਦੀ ਦੀਆਂ ਕਾਰਵਾਈਆਂ ਦੀ ਚੇਤਨਤਾ ਹੈ। ਪੀੜ੍ਹਤ ਨੂੰ ਰੈਫ਼ਰ ਕਰਨ ਲਈ, ਮਾਹਿਰ ਸੇਵਾਵਾਂ ਸਮੇਤ ਸਥਾਨਕ ਅਤੇ ਰਾਸ਼ਟਰੀ ਵਸੀਲਿਆਂ ਤੋਂ ਜਾਣੂੰ ਹੋਵੋ। ਹੇਠ ਲਿਖੀਆਂ ਵੈਬਸਾਈਟਾਂ ਅਤੇ ਸੰਪਰਕ ਵੇਰਵੇ, ਤੁਹਾਡੇ ਲਈ ਲਾਹੇਵੰਦ ਹੋ ਸਕਦੇ ਹਨ:

- ਰਾਸ਼ਟਰੀ ਘਰੇਲੂ ਹਿੰਸਾ ਹੈਲਪਲਾਈਨ – 0808 2000 247 – ਸ਼ਰਣਾਰਥੀ ਰਿਹਾਇਸ਼ ਅਤੇ ਸਲਾਹ ਨਾਲ ਸਹਾਇਤਾ ਲਈ

- 'ਇੱਜ਼ਤ' ਹੈਲਪਲਾਈਨ – 0800 59999247 – ਜ਼ਬਰਦਸਤੀ ਵਿਆਹ ਅਤੇ 'ਇੱਜ਼ਤ' ਅਧਾਰਿਤ ਹਿੰਸਾ ਬਾਰੇ ਸਲਾਹ ਲਈ

- ਜਿਨਸੀ ਹਮਲਾ ਰੈਫ਼ਰਲ ਸੈਂਟਰ - http://www.rapecrisis.org.uk/Referralcentres2.php)' SARCs ਤੇ ਜਾਣਕਾਰੀ ਅਤੇ ਆਪਣੇ ਨਜ਼ਦੀਕੀ ਕੇਂਦਰ ਲੱਭਣ ਲਈ

- ਬ੍ਰੋਕਨ ਰੇਨਬੋ [Broken Rainbow] - 8452 604460 LGBT ਪੀੜ੍ਹਤਾਂ ਲਈ ਸਲਾਹ ਵਾਸਤੇ www.broken-rainbow.org.uk LGBT ਪੀੜਤਾਂ ਲਈ ਘਰੇਲੂ ਬਦਸਲੂਕੀ ਲਈ ਸਲਾਹ ਅਤੇ ਸਹਾਇਤ

### ਜਿਸਮਾਨੀ ਬਦਸਲੂਕੀ

ਅਸੀਂ, 1, 10, 11, 13, 15, 18, 19 ਅਤੇ 23 ਸੁਆਲਾਂ ਵਿਚ **ਸਰੀਰਕ ਸ਼ੋਸ਼ਣ** ਬਾਰੇ ਪੁੱਛਦੇ ਹਾਂ।

- ਸਰੀਰਕ ਸ਼ੋਸ਼ਣ, ਧੱਕਾ ਦੇਣ ਜਾਂ ਧੁੱਸ ਮਾਰਣ ਤੋਂ ਲੈਕੇ ਮੁੱਕਾ ਮਾਰਨ, ਹਥਿਆਰਾਂ ਦੀ ਵਰਤੋਂ, ਸਾਹ ਰੋਕਣ ਜਾਂ ਗਲਾ ਘੁੱਟਣ ਦੇ ਕਈ ਰੂਪਾਂ ਵਾਲਾ ਹੋ ਸਕਦਾ ਹੈ।
- ਤੁਹਾਨੂੰ ਕੋਸ਼ਿਸ਼ ਕਰਨੀ ਅਤੇ ਇਹ ਸਿੱਧ ਕਰਨਾ ਚਾਹੀਦਾ ਹੈ ਕਿ ਕੀ ਸ਼ੋਸ਼ਣ ਬਦਤਰ ਹੋ ਰਿਹਾ ਹੈ, ਜਾਂ ਵਧੇਰੇ ਅਕਸਰ ਹੋ ਰਿਹਾ ਹੈ ਜਾਂ ਘਟਨਾਵਾਂ, ਆਪਣੇ ਆਪ ਵਿਚ ਵਧੇਰੇ ਗੰਭੀਰ ਹਨ। ਜੇ ਤੁਹਾਡੇ ਕਲਾਇੰਟ ਨੂੰ ਪੱਕਾ ਨਹੀਂ ਹੈ, ਤਾਂ ਉਹਨਾਂ ਨਾਲ ਪਿਛਲੇ ਸਾਲ ਵਿਚ ਕਿੰਨੀਆਂ ਘਟਨਾਵਾਂ ਵਾਪਰੀਆਂ ਸਨ ਅਤੇ ਕੀ ਹੋਇਆ ਸੀ, ਬਾਰੇ ਲਿਖਣ ਲਈ ਕਹੋ। ਜਦੋਂ ਸਰੀਰਕ ਅਤੇ ਹੋਰ ਘਟਨਾਵਾਂ ਹੁੰਦੀਆਂ ਹਨ, ਉਹਨਾਂ ਨੂੰ ਇਹਨਾਂ ਬਾਰੇ ਲਿਖਣ ਵਾਲੀ ਇੱਕ ਡਾਇਰੀ ਰੱਖਣ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ।
- ਕੋਸ਼ਿਸ਼ ਕਰੋ ਅਤੇ ਜੋ ਸਰੀਰਕ ਸ਼ੋਸ਼ਣ ਹੋਇਆ ਹੈ, ਉਸਦੀ ਲੜੀ ਦੀ ਤਸਵੀਰ ਪ੍ਰਾਪਤ ਕਰੋ। ਉਹ ਘਟਨਾ, ਜਿਸ ਬਾਰੇ ਹਾਲ ਦੀ ਘੜੀ ਦੱਸਿਆ ਜਾ ਰਿਹਾ ਹੈ, ਹੋ ਸਕਦਾ ਹੈ, ਹੋਣ ਵਾਲੀ ਸਭ ਤੋਂ ਮਾੜੀ ਘਟਨਾ ਨਾ ਹੋਵੇ।
- ਸ਼ੋਸ਼ਣ, ਉਹਨਾਂ ਦੇ ਘਰ ਦੇ ਹੋਰਨਾਂ ਲੋਕਾਂ, ਜਿਵੇਂ ਕਿ ਉਹਨਾਂ ਦੇ ਬੱਚਿਆਂ, ਭੈਣ-ਭਰਾਵਾਂ ਜਾਂ ਬਜ਼ੁਰਗ ਰਿਸ਼ਤੇਦਾਰਾਂ ਨਾਲ ਵੀ ਹੋ ਰਿਹਾ ਹੋ ਸਕਦਾ ਹੈ।
- ਕਈ ਵਾਰੀ ਪਰਿਵਾਰ ਦੇ ਪਾਲਤੂ ਜਾਨਵਰ ਵਿਰੁਧ ਹਿੰਸਾ ਦੀ ਵਰਤੋਂ ਕੀਤੀ ਜਾਏਗੀ।
- ਜੇ ਘਟਨਾ ਹੁਣੇ-ਹੁਣੇ ਵਾਪਰੀ ਹੈ, ਤਾਂ ਪੀੜ੍ਹਤ ਨੂੰ ਪੁਲਿਸ ਤੋਂ ਸਹਾਇਤਾ ਲਈ 999 'ਤੇ ਫ਼ੋਨ ਕਰਨਾ ਚਾਹੀਦਾ ਹੈ। ਜੇ ਪੀੜ੍ਹਤ ਨੂੰ ਸੱਟ-ਫੇਟ ਲੱਗੀ ਹੈ, ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਕੋਸ਼ਿਸ਼ ਕਰਨ ਅਤੇ ਇਹਨਾਂ ਨੂੰ, ਸਿਹਤ ਪੇਸ਼ੇਵਰ, ਜਿਵੇਂ ਕਿ ਜੀਪੀ ਜਾਂ A&E ਨਰਸ ਵਲੋਂ ਵੇਖੇ ਜਾਣ ਅਤੇ ਇਸਦਾ ਦਸਤਾਵੇਜ਼ੀਕਰਣ ਕਰਾਉਣ।

### ਜਿਨਸੀ ਸ਼ੋਸ਼ਣ

ਅਸੀਂ, ਸੁਆਲ 16 ਵਿਚ ਪੁੱਛਦੇ ਹਾਂ ਕਿ ਕੀ ਪੀੜ੍ਹਤ ਨਾਲ ਕਿਸੇ ਕਿਸਮ ਦਾ **ਜਿਨਸੀ ਸ਼ੋਸ਼ਣ** ਹੋ ਰਿਹਾ ਹੈ।

- ਜਿਨਸੀ ਸ਼ੋਸ਼ਣ ਵਿਚ ਧਮਕੀਆਂ ਦੀ ਵਰਤੋਂ, ਸੰਭੋਗ ਲਈ ਜ਼ਬਰਦਸਤੀ ਜਾਂ ਧਮਕਾਉਣਾ, ਸੰਭੋਗ ਦੌਰਾਨ ਜਾਣਬੁਝ ਕੇ ਪੀੜ ਦੇਣ ਜਾਂ ਸੰਭੋਗ ਅਤੇ ਹਿੰਸਾ ਦੋਵੇਂ ਕਰਨਾ ਅਤੇ ਹਥਿਆਰਾਂ ਦੀ ਵਰਤੋਂ ਕਰਨਾ।
- ਜੇ ਪੀੜ੍ਹਤ ਦਾ ਜਿਨਸੀ ਸ਼ੋਸ਼ਣ ਹੋਇਆ ਹੈ, ਤਾਂ ਤੁਹਾਨੂੰ, ਉਹਨਾਂ ਨੂੰ ਮੈਡੀਕਲ ਦੇਖਰੇਖ ਹਾਸਲ ਕਰਨ ਪ੍ਰੇਰਣਾ ਚਾਹੀਦਾ ਹੈ ਅਤੇ ਪੁਲਿਸ ਨੂੰ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ। ਜਿਨਸੀ ਹਮਲੇ ਬਾਰੇ ਰੈਫ਼ਰਲ ਸੈਂਟਰ, ਜੋ ਕਿ ਡਾਕਟਰੀ ਅਤੇ ਕਾਨੂੰਨੀ ਪੜਤਾਲਾਂ ਨਾਲ ਮਦਦ ਕਰ ਸਕੇ, ਬਾਰੇ ਪਤਾ ਲਾਉਣ ਲਈ ਸਲਾਹ ਵਾਸਤੇ ਉਪਰ ਵੇਖੋ।

### ਜ਼ਬਰਦਸਤੀ, ਧਮਕੀਆਂ ਅਤੇ ਧਮਕਾਉਣ

ਜ਼ਬਰਦਸਤੀ, ਧਮਕੀਆਂ ਅਤੇ ਧਮਕਾਉਣ ਨੂੰ 2, 3, 6, 8, 14, 17, 18, 19, 23 ਅਤੇ 24 ਸੁਆਲਾਂ ਵਿਚ ਲਿਆ ਗਿਆ ਹੈ।


© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।

- ਇਹ ਸਮਝਣਾ ਅਤੇ ਸਿੱਧ ਕਰਨਾ ਮਹੱਤਵਪੂਰਣ ਹੈ: ਕੁਕਰਮ ਕਰਨ ਵਾਲਾ/ਵਾਲੇ ਕੀ ਕਰ ਸਕਦਾ/ਸਕਦੇ ਹੈ/ਹਨ, ਬਾਰੇ ਪੀੜ੍ਹਤ/ਪੀੜ੍ਹਤਾਂ ਦੇ ਤੌਖ਼ਲੇ; ਉਹ ਕਿਸ ਤੋਂ ਡਰੇ ਹੋਏ ਹਨ ਅਤੇ ਉਹ ਕਿਸ ਦੇ (ਅਰਥਾਤ ਬੱਚਿਆਂ/ਭੈਣਾਂ-ਭਰਾਵਾਂ) ਲਈ ਡਰ ਰਹੇ ਹਨ। ਪੀੜ੍ਹਤ, ਆਮ ਤੌਰ 'ਤੇ ਸ਼ੋਸ਼ਣਕਰਤਾ ਦੇ ਵਿਹਾਰ ਨੂੰ ਕਿਸੇ ਹੋਰ ਦੇ ਮੁਕਾਬਲੇ ਬਿਹਤਰ ਜਾਣਦੇ ਹਨ, ਇਹ ਹੀ ਕਾਰਣ ਹੈ ਕਿ ਇਹ ਸੁਆਲ ਅਹਿਮ ਹੈ।
- 'ਇੱਜ਼ਤ' ਅਧਾਰਿਤ ਹਿੰਸਾ ਦੇ ਕੇਸਾਂ ਵਿਚ ਹੋ ਸਕਦਾ ਹੈ ਕਿ ਸ਼ੋਸ਼ਣ ਕਰਨ ਵਾਲੇ ਇੱਕ ਤੋਂ ਵੱਧ ਵਿਅਕਤੀ, ਘਰ ਵਿਚ ਰਹਿ ਰਹੇ ਹੋਣ ਜਾਂ ਵਡੇਰੇ ਪਰਿਵਾਰ ਅਤੇ ਭਾਈਚਾਰੇ ਤੋਂ ਹੋਣ। ਇਸ ਵਿਚ ਇਸਤ੍ਰੀ ਰਿਸ਼ਤੇਦਾਰ ਵੀ ਸ਼ਾਮਿਲ ਹੋ ਸਕਦੇ ਹਨ।
- ਅਛੋਪਲੇ ਪਿੱਛਾ ਕਰਨਾ ਅਤੇ ਤੰਗ-ਪਰੇਸ਼ਾਨ ਕਰਨਾ, ਹੋਰ ਅਹਿਮ ਹੋ ਜਾਂਦਾ ਹੈ, ਜਦੋਂ ਸ਼ੋਸ਼ਣ ਕਰਨ ਵਾਲਾ, ਆਪਣੇ ਆਪ ਨੂੰ, ਪੀੜ੍ਹਤ ਜਾਂ ਹੋਰਨਾਂ ਨੂੰ ਨੁਕਸਾਨ ਪਹੁੰਚਾਉਣ ਲਈ ਧਮਕੀਆਂ ਵੀ ਦੇ ਰਿਹਾ ਹੋਵੇ। ਉਹ, ਇਹਨਾਂ ਵਾਕਾਂ, ਜਿਵੇਂ ਕਿ ''ਜੇ ਤੂੰ ਮੇਰੀ ਨਾ ਹੋਈ, ਤਾਂ ਕਿਸੇ ਹੋਰ ਦੀ ਵੀ ਨਹੀਂ...'' ਦੀ ਵਰਤੋਂ ਵੀ ਕਰ ਸਕਦਾ ਹੈ।
- ਉਸ ਵਿਹਾਰ, ਜੋ ਭਵਿੱਖ ਵਿਚ ਨੁਕਸਾਨ ਬਾਰੇ ਸੰਕੇਤ ਦੇ ਸਕਦੇ ਹਨ, ਦੇ ਹੋਰ ਉਦਾਹਰਣਾਂ ਵਿਚ, ਜਨੂੰਨੀ ਫ਼ੋਨ ਕਾਲਾਂ, ਟੈਕਸਟ ਜਾਂ ਈਮੇਲਾਂ, ਪੀੜ੍ਹਤ ਦੇ ਘਰ, ਕੰਮ ਵਾਲੀਆਂ ਥਾਵਾਂ ਆਦਿ ਲਈ ਬਿਨਾ ਸੱਦੇ ਦੇ ਵਿਜ਼ਿਟਾਂ, ਅਵਾਰਾਗਰਦੀ ਕਰਨਾ ਅਤੇ ਸੰਪਤੀ ਨੂੰ ਨਸ਼ਟ ਕਰਨਾ ਜਾਂ ਲੁੱਟਮਾਰ ਕਰਨਾ ਸ਼ਾਮਿਲ ਹੈ।
- ਪੀੜ੍ਹਤ ਨੂੰ ਇਹਨਾਂ ਧਮਕੀਆਂ, ਇਹ ਕਦੋਂ ਅਤੇ ਕਿਥੇ ਮਿਲੀਆਂ, ਕੀ ਕੋਈ ਹੋਰ, ਉਹਨਾਂ ਦੇ ਨਾਲ ਸੀ ਅਤੇ ਕੀ ਧਮਕੀਆਂ ਨੇ ਉਹਨਾਂ ਨੂੰ ਡਰਾ ਦਿਤਾ ਸੀ, ਬਾਰੇ ਇੱਕ ਡਾਇਰੀ ਰੱਖਣ ਦੀ ਸਲਾਹ ਦਿਓ।
- ਅਲੱਗ ਰਹਿਣਾ ਇੱਕ ਖ਼ਤਰਨਾਕ ਸਮਾਂ ਹੈ: ਪਤਾ ਕਰੋ ਕਿ ਪੀੜ੍ਹਤ ਨੇ, ਸ਼ੋਸ਼ਣ ਕਰਤਾ ਤੋਂ ਵੱਖਰਾ ਹੋਣ ਦੀ ਕੋਸ਼ਿਸ਼ ਕੀਤੀ ਹੈ ਜਾਂ ਉਸਨੂੰ ਛੱਡ ਕੇ ਜਾਣ ਦੇ ਸਿੱਟਿਆਂ ਬਾਰੇ ਧਮਕੀ ਦਿਤੀ ਗਈ ਹੈ। ਖ਼ਾਸ ਤੌਰ 'ਤੇ ਵੱਖ ਹੋਣ ਮਗਰੋਂ ਪਿੱਛਾ ਕੀਤਾ ਜਾਣਾ ਖ਼ਤਰਨਾਕ ਹੋ ਸਕਦਾ ਹੈ।
- ਘਰੇਲੂ ਸ਼ੋਸ਼ਣ ਦੇ ਪੀੜ੍ਹਤ ਕਈ ਵਾਰੀ ਸਾਨੂੰ ਦੱਸਦੇ ਹਨ ਕਿ ਕੁਕਰਮ ਕਰਨ ਵਾਲੇ ਪਾਲਤੂ ਜਾਨਵਰਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਫ਼ਰਨੀਚਰ ਦਾ ਨੁਕਸਾਨ ਕਰਦੇ ਹਨ ਅਤੇ ਇਹ ਹੀ, ਕੁਕਰਮ ਕਰਨ ਵਾਲੇ ਵਲੋਂ ਉਹਨਾਂ ਨੂੰ ਸਰੀਰਕ ਸੱਟ-ਫੇਟ ਪਹੁੰਚਾਉਣ ਤੋਂ ਬਿਨਾ ਹੀ ਡਰਾਉਣ ਲਈ ਕਾਫ਼ੀ ਹੈ। ਇਸ ਕਿਸਮ ਦਾ ਡਰਾਉਣਾ-ਧਮਕਾਉਣਾ ਆਮ ਗੱਲ ਹੈ ਅਤੇ ਇਸਨੂੰ ਅਕਸਰ, ਕੰਟਰੋਲ ਕਰਨ ਅਤੇ ਡਰਾਉਣ ਦੇ ਇੱਕ ਤਰੀਕੇ ਵਜੋਂ ਵਰਤਿਆ ਜਾਂਦਾ ਹੈ।
- ਕੁਝ ਘਰੇਲੂ ਸ਼ੋਸ਼ਣ ਦੇ ਕੁਕਰਮ ਕਰਨ ਵਾਲੇ, ਅਦਾਲਤ ਦੇ ਆਦੇਸ਼ਾਂ ਜਾਂ ਬੱਚਿਆਂ ਨਾਲ ਸੰਪਰਕ ਪ੍ਰਬੰਧਾਂ ਦੀ ਪਾਲਣਾ ਨਹੀਂ ਕਰਦੇ। ਪਿਛਲੀਆਂ ਉਲੰਘਣਾਵਾਂ, ਭਵਿੱਖ ਦੀ ਹਿੰਸਾ ਦੇ ਖ਼ਤਰੇ ਵਿਚ ਵਾਧੇ ਨਾਲ ਸਬੰਧਿਤ ਹੋ ਸਕਦੀਆਂ ਹਨ।
- ਕੁਝ ਪੀੜ੍ਹਤ, ਆਪਣੇ ਸਾਥੀ/ਸਾਬਕਾ-ਸਾਥੀ ਦੇ ਮੁਜਰਮਾਨਾ ਪਿਛੋਕੜ ਤੋਂ ਡਰੇ ਅਤੇ ਭੈਅਭੀਤ ਮਹਿਸੂਸ ਕਰਦੇ ਹਨ। ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਹਿੰਸਾ ਦੇ ਪਿਛੋਕੜ ਵਾਲੇ ਦੋਸ਼ੀਆਂ ਤੋਂ ਉਹਨਾਂ ਦੇ ਸਾਥੀ ਨੂੰ ਨੁਕਸਾਨ ਪਹੁੰਚਣ ਦਾ ਵਧੇਰੇ ਖ਼ਤਰਾ ਹੈ, ਭਾਵੇਂ ਕਿ ਪਿਛਲੀ ਹਿੰਸਾ, ਸਿਵਾਇ 'ਇੱਜ਼ਤ' ਅਧਾਰਿਤ ਹਿੰਸਾ, ਜਿਥੇ ਕੁਕਰਮ ਕਰਨ ਵਾਲਿਆਂ ਦਾ ਸਾਂਝੇ ਤੌਰ 'ਤੇ ਮੁਜਰਮਾਨਾ ਪਿਛੋਕੜ ਦਾ ਕੋਈ ਹੋਰ ਰਿਕਾਰਡ ਨਹੀਂ ਹੈ, ਤੋਂ ਇਲਾਵਾ, ਨਜ਼ਦੀਕੀ ਸਾਥੀਆਂ ਜਾਂ ਪਰਿਵਾਰ ਦੇ ਮੈਂਬਰਾਂ ਨਾਲ ਨਹੀਂ ਕੀਤੀ ਗਈ ਸੀ।

### ਭਾਵਨਾਤਮਕ ਸ਼ੋਸ਼ਣ

ਅਸੀਂ, 4, 5 ਅਤੇ 12 ਸੁਆਲਾਂ ਵਿਚ **ਭਾਵਨਾਤਮਕ ਸ਼ੋਸ਼ਣ** ਅਤੇ **ਅਲੱਗ-ਥਲੱਗ ਹੋਣ** ਬਾਰੇ ਪੁੱਛਦੇ ਹਾਂ। ਇਸਨੂੰ ਹੋਰ ਕਿਸਮ ਦੇ ਸ਼ੋਸ਼ਣ ਵਜੋਂ, ਇੱਕੋ ਵੇਲੇ ਅਨੁਭਵ ਕੀਤਾ ਜਾ ਸਕਦਾ ਹੈ। ਇਹ, ਆਪਣੇ ਆਪ ਵਿਚ ਮੌਜੂਦ ਹੋ ਸਕਦਾ ਹੈ ਜਾਂ ਇਹ ਕਿਸੇ ਸਰੀਰਕ ਹਿੰਸਾ ਤੋਂ ਕਾਫ਼ੀ ਪਹਿਲਾਂ ਸ਼ੁਰੂ ਹੋਇਆ ਹੋ ਸਕਦਾ ਹੈ। ਇਸ ਸ਼ੋਸ਼ਣ ਦਾ ਨਤੀਜਾ ਇਹ ਹੈ ਕਿ ਪੀੜ੍ਹਤ ਆਪਣੇ ਆਪ ਨੂੰ ਦੋਸ਼ੀ ਮੰਨ ਸਕਦੇ ਹਨ ਅਤੇ ਕੀ ਹੋ ਰਿਹਾ ਹੈ, ਨਾਲ ਰਹਿਣ ਲਈ ਇਸਦੀ ਗੰਭੀਰਤਾ ਨੂੰ ਛੁਟਿਆ ਸਕਦੇ ਹਨ ਜਾਂ ਇਸਦਾ ਖੰਡਨ ਕਰ ਸਕਦੇ ਹਨ। ਇੱਕ ਪੇਸ਼ੇਵਰ ਵਜੋਂ ਸ਼ੁਰੂਆਤ ਵਿਚ ਤੁਸੀਂ ਪੀੜ੍ਹਤ ਅਤੇ ਕਿਸੇ ਬੱਚੇ ਵਲੋਂ ਸਾਹਮਣਾ ਕੀਤੇ ਜਾ ਜ਼ੋਖਮਾਂ ਬਾਰੇ ਵਿਚਾਰ ਕਰਕੇ ਮਦਦ ਕਰ ਸਕਦੇ ਹੋ।

- ਪੀੜ੍ਹਤ ਨੂੰ ਪਰਿਵਾਰ ਜਾਂ ਦੋਸਤਾਂ/ਸਹੇਲੀਆਂ ਨਾਲ ਮਿਲਣ, ਕੋਈ ਸਹਾਇਤਾ ਨੈਟਵਰਕ ਬਣਾਉਣ ਤੋਂ ਰੋਕਣ ਜਾਂ ਕਿਸੇ ਕਿਸਮ ਦੇ ਪੈਸੇ ਤੱਕ ਪਹੁੰਚ ਕਰਨ ਤੋਂ ਰੋਕਿਆ ਜਾ ਰਿਹਾ ਹੋ ਸਕਦਾ ਹੈ।
- ਪੀੜ੍ਹਤ ਦੀ 'ਇੱਜ਼ਤ' ਅਧਾਰਿਤ ਹਿੰਸਾ, ਘਰ ਵਿਚ ਅਲੱਗ-ਥਲੱਗ ਕਰਨ ਦੇ ਅਤਿ ਦੇ ਪੱਧਰਾਂ ਅਤੇ 'ਸਖ਼ਤੀ' ਰੱਖਣ ਬਾਰੇ ਗੱਲ ਕਰਦੀ ਹੈ। ਇਹ, ਭਵਿੱਖ ਵਿਚ ਹੋਣ ਵਾਲੇ ਨੁਕਸਾਨ ਦਾ ਇੱਕ ਅਹਿਮ ਸੰਕੇਤਕ ਹੈ ਅਤੇ ਇਸਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ।
- ਸ਼ੋਸ਼ਣ ਅਤੇ ਅਲੱਗ-ਥਲੱਗ ਹੋਣ ਕਾਰਣ, ਪੀੜ੍ਹਤ ਮਹਿਸੂਸ ਕਰਦੇ ਹਨ ਕਿ ਉਹਨਾਂ ਕੋਲ ਕੋਈ ਵਿਕਲਪ ਨਹੀਂ ਹੈ, ਪਰ ਸ਼ੋਸ਼ਣ ਕਰਨ ਵਾਲੇ ਨਾਲ ਲਗਾਤਾਰ ਰਹਿਣ ਅਤੇ ਇਸ ਡਰ, ਕਿ ਜੇ ਉਹ ਕੋਸ਼ਿਸ਼ ਕਰਦੇ ਅਤੇ ਛੱਡ ਕੇ ਜਾਂਦੇ ਹਨ, ਤਾਂ ਕੀ ਹੋਵੇਗਾ, ਵਿਚ ਰਹਿਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ। ਇਸਦਾ ਅਕਸਰ, ਪੀੜ੍ਹਤ ਦੀ ਮਾਨਸਿਕ ਸਿਹਤ 'ਤੇ ਅਸਰ ਪੈ ਸਕਦਾ ਹੈ ਅਤੇ ਉਹ ਢਹਿੰਦੀਆਂ ਕਲਾਂ ਵਿਚ ਜਾਂ ਇਥੋਂ ਤੱਕ ਕਿ ਆਤਮਘਾਤੀ ਮਹਿਸੂਸ ਕਰ ਸਕਦੇ ਹਨ।
- ਇੰਜ ਹੀ ਪੀੜ੍ਹਤ ਨੂੰ ਖ਼ਤਰਾ ਵੱਧ ਹੁੰਦਾ ਹੈ, ਜੇ ਉਹਨਾਂ ਦੇ ਸਾਥੀ/ਸਾਬਕਾ-ਸਾਥੀ ਦੀਆਂ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਹਨ, ਜਿਵੇਂ ਕਿ ਢਹਿੰਦੀਆਂ ਕਲਾਂ ਅਤੇ ਜੇ ਉਹ ਨਸ਼ੀਲੀਆਂ ਦਵਾਈਆਂ ਜਾਂ ਸ਼ਰਾਬ ਦੀ ਵਰਤੋਂ ਕਰਦੇ ਹਨ। ਇਸ ਨਾਲ ਅਲੱਗ-ਥਲੱਗ ਹੋਣ ਦੇ ਪੱਧਰ ਵਿਚ ਵਾਧਾ ਹੋ ਸਕਦਾ ਹੈ, ਕਿਉਂਕਿ ਪੀੜ੍ਹਤ ਇਹ ਮਹਿਸੂਸ ਕਰ ਸਕਦੇ ਹਨ, ਕਿ ਏਜੰਸੀਆਂ ਸਮਝਣਗੀਆਂ ਨਹੀਂ ਅਤੇ ਉਹਨਾਂ ਨੂੰ ਜਾਂਚਣਗੀਆਂ। ਉਹ, ਇਸ ਗੱਲ 'ਤੇ ਡਰ ਮਹਿਸੂਸ ਕਰ ਸਕਦੇ ਹਨ, ਕਿ ਇਸ ਜਾਣਕਾਰੀ ਬਾਰੇ ਦੱਸਣ ਨਾਲ, ਉਹਨਾਂ ਨੂੰ ਅਤੇ ਉਹਨਾਂ ਦੇ ਸਾਥੀਆਂ ਨੂੰ ਮੁਸ਼ਕਿਲ ਹੋ ਸਕਦੀ ਹੈ ਅਤੇ ਜੇ ਉਹਨਾਂ ਦੇ ਬੱਚੇ ਹਨ, ਉਹ ਚਿੰਤਾ ਕਰ ਸਕਦੇ ਹਨ ਕਿ ਉਹਨਾਂ ਨੂੰ, ਉਹਨਾਂ ਤੋਂ ਲੈ ਲਿਆ ਜਾਏਗਾ। ਇਹਨਾਂ ਖ਼ਤਰਿਆਂ ਬਾਰੇ ਸੁਆਲ 21 ਅਤੇ 22 ਵਿਚ ਗੱਲ ਕੀਤੀ ਗਈ ਹੈ।

### ਬੱਚੇ ਅਤੇ ਗਰਭ-ਅਵਸਥਾ

**ਬੱਚੇ ਅਤੇ ਗਰਭ-ਅਵਸਥਾ** – 7, 9 ਅਤੇ 18 ਸੁਆਲ ਗਰਭਵਤੀ ਹੋਣ ਅਤੇ ਬੱਚਿਆਂ ਬਾਰੇ ਅਤੇ ਕੀ ਬੱਚੇ ਨਾਲ ਸੰਪਰਕ ਬਾਰੇ ਵਿਵਾਦ ਹੈ, ਬਾਰੇ ਹਨ।

- ਮਤਰੇਏ ਬੱਚਿਆਂ ਸਮੇਤ, ਬੱਚਿਆਂ ਦੀ ਮੌਜੂਦਗੀ, ਮਾਂ ਲਈ ਘਰੇਲੂ ਸ਼ੋਸ਼ਣ ਦੇ ਖ਼ਤਰੇ ਨੂੰ ਵਧਾ ਸਕਦੀ ਹੈ। ਉਹ ਵੀ ਹਿੰਸਾ ਦਾ ਸ਼ਿਕਾਰ ਹੋ ਸਕਦੇ ਹਨ ਅਤੇ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਸਕਦੇ ਹਨ।


© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।

- ਸਰੀਰਕ ਹਿੰਸਾ ਪਹਿਲੀ ਵਾਰੀ ਲਈ ਹੋ ਸਕਦੀ ਹੈ ਜਾਂ ਗਰਭ-ਅਵਸਥਾ ਦੌਰਾਨ ਜਾਂ ਬੱਚੇ ਦੇ ਜੀਵਨ ਦੇ ਪਹਿਲੇ ਕੁਝ ਸਾਲਾਂ ਲਈ, ਇਹ ਬਦਤਰ ਹੋ ਸਕਦੀ ਹੈ। ਇਸ ਸਮੇਂ ਦੌਰਾਨ ਆਮ ਤੌਰ 'ਤੇ ਕਾਫ਼ੀ ਪੇਸ਼ੇਵਰ, ਜਿਵੇਂ ਕਿ ਸਿਹਤ ਵਿਜ਼ਿਟਰ ਜਾਂ ਦਾਈਆਂ ਸ਼ਾਮਿਲ ਹੋ ਸਕਦੇ ਹਨ, ਜਿਹਨਾਂ ਨੂੰ ਇੱਕ ਅਣਜੰਮੇ ਬੱਚੇ ਸਮੇਤ ਪੀੜ੍ਹਤ ਅਤੇ ਬੱਚਿਆਂ ਲਈ ਖ਼ਤਰਿਆਂ ਬਾਰੇ ਚੇਤੰਨ ਹੋਣ ਦੀ ਲੋੜ ਹੈ।
- ਕੁਕਰਮ ਕਰਨ ਵਾਲਾ, ਪੀੜ੍ਹਤ ਤੱਕ ਪਹੁੰਚ ਕਰਨ ਲਈ ਬੱਚਿਆਂ ਦੀ ਵਰਤੋਂ ਕਰ ਸਕਦਾ ਹੈ, ਬਾਲ ਸੰਪਰਕ ਵਿਜ਼ਿਟਾਂ ਦੌਰਾਨ ਸ਼ੋਸ਼ਣ ਵਾਲੀਆਂ ਘਟਨਾਵਾਂ ਹੋ ਸਕਦੀਆਂ ਜਾਂ ਇਸ ਗੱਲ ਦਾ ਕਾਫ਼ੀ ਡਰ ਅਤੇ ਬੇਚੈਨੀ ਹੋ ਸਕਦੀ ਹੈ ਕਿ ਬੱਚਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ।
- ਕਿਰਪਾ ਕਰਕੇ ਬੱਚਿਆਂ ਬਾਰੇ ਸੇਵਾਵਾਂ ਲਈ ਸ਼ਨਾਖ਼ਤ ਕਰਨ ਅਤੇ ਰੈਫ਼ਰਲ ਕਰਨ ਲਈ, ਆਪਣੇ ਸਥਾਨਕ ਬਾਲ ਸੁਰੱਖਿਆ ਅਮਲਾਂ ਅਤੇ ਸੇਧਾਂ (Child Protection Procedures and Guidelines) ਦੀ ਪਾਲਣਾ ਕਰੋ।

## ਆਰਥਕ ਸ਼ੋਸ਼ਣ

**ਆਰਥਕ ਸ਼ੋਸ਼ਣ** – ਸੁਆਲ 20

- ਘਰੇਲੂ ਸ਼ੋਸ਼ਣ ਦੇ ਪੀੜ੍ਹਤ, ਸਾਨੂੰ ਅਕਸਰ ਦੱਸਦੇ ਹਨ ਕਿ ਉਹਨਾਂ 'ਤੇ ਆਪਣੇ ਸਾਥੀਆਂ/ਸਾਬਕਾ-ਸਾਥੀਆਂ ਵਲੋਂ ਮਾਲੀ ਤੌਰ 'ਤੇ ਕੰਟਰੋਲ ਕੀਤਾ ਜਾਂਦਾ ਹੈ। ਵਿਚਾਰ ਕਰੋ ਕਿ ਮਾਲੀ ਕੰਟਰੋਲ, ਕਿਵੇਂ ਉਹਨਾਂ ਲਈ ਉਪਲੱਬਧ ਸੁਰੱਖਿਆ ਵਿਕਲਪਾਂ 'ਤੇ ਅਸਰ ਪਾਉਂਦੇ ਹਨ। ਉਦਾਹਰਣ ਲਈ, ਉਹ ਆਮਦਨ ਲਈ ਆਪਣੇ ਸਾਥੀ/ਸਾਬਕਾ-ਸਾਥੀ 'ਤੇ ਨਿਰਭਰ ਹੋ ਸਕਦੇ ਹਨ ਜਾਂ ਉਹਨਾਂ ਕੋਲ ਆਪਣੇ ਖ਼ੁਦ ਦੇ ਲਾਭਾਂ ਲਈ ਪਹੁੰਚ ਨਹੀਂ ਹੈ। ਪੀੜ੍ਹਤ ਇਹ ਮਹਿਸੂਸ ਕਰ ਸਕਦੇ ਹਨ ਕਿ ਜਦੋਂ ਤੋਂ ਉਹਨਾਂ ਦੇ ਸਾਥੀ/ਸਾਬਕਾ-ਸਾਥੀ ਦੀ ਨੌਕਰੀ ਖੁੱਸੀ ਹੈ ਹਾਲਤ ਹੋਰ ਬਦਤਰ ਹੋ ਗਈ ਹੈ।
- ਨਾਗਰਿਕ ਸਲਾਹ ਬਿਊਰੋ (Citizens Advice Bureau) ਜਾਂ ਘਰੇਲੂ ਸ਼ੋਸ਼ਣ ਸਬੰਧੀ ਸਹਾਇਤਾ ਸਥਾਨਕ ਮਾਹਿਰ ਸੇਵਾ, ਪੀੜ੍ਹਤ ਨੂੰ, ਉਹਨਾਂ ਦੀ ਮੌਜੂਦਾ ਮਾਲੀ ਹਾਲਤ ਦੇ ਸਬੰਧ ਵਿਚ ਵਿਕਲਪਾਂ ਅਤੇ ਉਹ ਆਪਣੇ ਖ਼ੁਦ ਦੇ ਹੱਕ ਵਾਲੀਆਂ ਰਕਮਾਂ ਲਈ ਪਹੁੰਚ ਕਿਵੇਂ ਕਰ ਸਕਦੇ ਹਨ, ਬਾਰੇ ਦੱਸ ਸਕਣਗੇ।

ਸਾਡੇ ਕੋਲ http://www.safelives.org.uk/marac/Information_about_Maracs.html 'ਤੇ ਸਰੋਤ ਅਤੇ ਆਗੂ ਪ੍ਰੈਕਟੀਸ਼ਨਰਾਂ ਲਈ ਸਿਖਲਾਈ ਬਾਰੇ ਜਾਣਕਾਰੀ ਦੀ ਇੱਕ ਲਾਇਬ੍ਰੇਰੀ ਹੈ:

## ਹੋਰ Marac ਪ੍ਰਤੀਨਿਧ ਟੂਲਕਿਟ ਅਤੇ ਵਸੀਲੇ

ਜੇਕਰ ਤੁਸੀ ਜਾਂ ਤੁਹਾਡੇ ਏਜੰਸੀ ਤੋਂ ਕੋਈ **Marac** ਮੀਟਿੰਗ ਵਿਚ ਜਾਂਦ ਹੈ, ਤੁਸੀ http://www.safelives.org.uk/marac/Toolkit-Marac-representative.pdf**.** 'ਤੇ ਇੱਕ **Marac ਪ੍ਰਤੀਨਿਧ ਟੂਲਕਿਟ** ਡਾਊਨਲੋਡ ਕਰ ਸਕਦੇ ਹੋ। ਇਹ ਜ਼ਰੂਰੀ ਦਸਤਾਵੇਜ਼ ਸਾਰੀ ਪ੍ਰਕਿਰਿਆ ਦੇ ਆਲੇ-ਦੁਆਲੇ ਦੇ ਵਿਵਹਾਰਿਕ ਮਸਲਿਆਂ ਨੂੰ ਹੱਲ ਕਰਦਾ ਹੈ।

http://www.safelives.org.uk/marac/Resources_for_people_who_refer_to_Marac.html**.** ਤੋਂ ਹੋਰ ਆਗੂ ਪ੍ਰੈਕਟਿਸ਼ਨਰ ਸੰਦ ਵੀ ਉਪਲਬਧ ਹਨ । ਇਹ ਇੱਕ ਪੇਸ਼ੇਵਰ ਦੀ ਭੂਮਿਕਾ ਦੇ ਸੰਦਰਭ ਦੇ ਅੰਦਰ **Marac** ਨੂੰ ਇੱਕ ਅਮਲੀ-ਪਛਾਣ ਪੇਸ਼ ਕਰਦੇ ਹਨ. ਜਿੱਥੇ ਸੰਬੰਧਿਤ ਹੋਵੇ ਇਹ ਸੰਦ ਸਾਥੀ ਅਤੇ ਹੋਰ ਏਜੰਸੀ ਸਟਾਫ ਨੂੰ ਪੋਸਟ ਕਰੋ ਜੀ:

A&E

ਐਂਬੂਲਸ ਸੇਵਾ

BAMER ਸਰਵਿਸਿਜ਼

ਬੱਚੇ ਅਤੇ ਨੌਜਵਾਨ ਲੋਕ ਸਰਵਿਸਿਜ਼

ਡਰੱਗ ਅਤੇ ਸ਼ਰਾਬ

ਸਿੱਖਿਆ

ਅੱਗ ਅਤੇ ਸੰਕਟਕਾਲੀਨ ਸਰਵਿਸਿਜ਼

ਪਰਿਵਾਰ ਦਖਲ ਪ੍ਰਾਜੈਕਟ

ਸਿਹਤ ਯਾਤਰੀ, ਸਕੂਲ ਨਰਸਿਜ਼ ਅਤੇ ਕਮਿਊਨਿਟੀ

ਹਾਊਸਿੰਗ

ਆਜ਼ਾਦ ਘਰੇਲੂ ਹਿੰਸਾ ਸਲਾਹਕਾਰ

LGBT ਸਰਵਿਸਿਜ਼

Marac ਕੁਰਸੀ

Marac ਕੋਆਰਡੀਨੇਟਰ

ਮਾਨਿਸਕ ਸਹਿਤ ਸਰਵਿਸਿਜ਼ ਬਾਲਗ ਲਈ

ਪੁਲਿਸ ਅਫਸਰ

ਪ੍ਰੋਬੇਸ਼ਨ

ਸੋਸ਼ਲ ਕੇਅਰ ਸਰਵਿਸਿਜ਼ ਬਾਲਗ ਲਈ

ਸੰਬੰਧੀ ਹਿੰਸਾ ਸਰਵਿਸਿਜ਼

ਸਪੇਸ਼ਲਿਸਟ ਘਰੇਲੂ ਹਿੰਸਾ ਸਰਵਿਸਿਜ਼

ਪੀੜ੍ਹਤ ਸਪੋਰਟ

ਮਹਿਲਾ ਸੁਰੱਖਿਆ ਅਫਸਰ


© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।

ਮਲਟੀ ਏਜੰਸੀ ਜੋਖਮ ਨਿਰਧਾਰਨ ਕਾਨਫਰੰਸ (Maracs) 'ਤੇ ਹੋਰ ਜਾਣਕਾਰੀ ਅਤੇ ਸਮੱਗਰੀ ਲਈ, http://www.safelives.org.uk/marac/10_Principles_Oct_2011_full.doc. ਵੇਖੋ ਜੀ।ਇਹ ਕਾਰਜਾਂ ਤੇ ਅਗਵਾਈ ਦਿੰਦੀ ਹੈ ਅਤੇ ਗੁਣਵੱਤਾ ਦਾ ਰਾਸ਼ਟਰੀ ਮਿਆਰ ਅਤੇ ਗੁਣਵੱਤਾ ਦਾ ਆਧਾਰ ਬਣਦਾ ਹੈ।


© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।

Ending domestic abuse

# SafeLives-DASH ਜੋਖਮਾਂ ਦੀ ਸ਼ਨਾਖ਼ਤ ਸਬੰਧੀ ਜਾਂਚ-ਸੂਚੀ

## ਫ਼ਾਰਮ ਦਾ ਟੀਚਾ:

- ਮੋਹਰੀ ਪ੍ਰੈਕਟਿਸ਼ਨਰਾਂ ਨੂੰ ਬਹੁਤੇ ਖ਼ਤਰੇ ਵਾਲੇ ਘਰੇਲੂ ਸੋਸ਼ਣ, ਅਛੋਪਲੇ ਪਿੱਛਾ ਕਰਨਾ ਅਤੇ 'ਇੱਜ਼ਤ'-ਅਧਾਰਤ ਹਿੰਸਾ' ਦੇ ਕੇਸਾਂ ਦੀ ਸ਼ਨਾਖ਼ਤ ਕਰਨ ਵਿਚ ਮਦਦ ਕਰਨਾ।
- ਇਹ ਫ਼ੈਸਲਾ ਕਰਨਾ ਕਿ ਕਿਹੜੇ ਕੇਸਾਂ ਦਾ ਹਵਾਲਾ Marac ਨੂੰ ਕੀਤਾ ਜਾਣਾ ਚਾਹੀਦਾ ਹੈ ਅਤੇ ਹੋਰ ਕਿਹੜੇ ਸਹਿਯੋਗ ਦੀ ਲੋੜ ਪੈ ਸਕਦੀ ਹੈ। ਪੂਰਾ ਭਰਿਆ ਫ਼ਾਰਮ ਇੱਕ ਸਰਗਰਮ ਰਿਕਾਰਡ ਬਣਦਾ ਹੈ, ਜਿਸਦਾ ਕੇਸ ਦੇ ਪ੍ਰਬੰਧ ਲਈ ਭਵਿੱਖ 'ਚ ਹਵਾਲਾ ਲਿਆ ਜਾ ਸਕਦਾ ਹੈ।
- ਉਹਨਾਂ ਏਜੰਸੀਆਂ ਨੂੰ ਆਮ ਸਾਧਨ ਦੇਣੇ, ਜੋ Marac[1] ਅਮਲ ਦੇ ਹਿੱਸੇ ਹਨ ਅਤੇ ਘਰੇਲੂ ਸ਼ੋਸ਼ਣ, ਅਛੋਪਲੇ ਪਿੱਛਾ ਕਰਨਾ ਅਤੇ 'ਇੱਜ਼ਤ'-ਅਧਾਰਿਤ ਹਿੰਸਾ ਨਾਲ ਸਬੰਧਿਤ ਖ਼ਤਰੇ ਦੀ ਸਾਂਝੀ ਸੂਝਬੂਝ ਪ੍ਰਦਾਨ ਕਰਨਾ।
- ਏਜੰਸੀਆਂ ਨੂੰ, ਘਰੇਲੂ ਕਤਲ ਅਤੇ 'ਲਗਭਗ ਮਰਨਾ', ਜੋ ਕਿ ਜ਼ੋਖਮ ਮੁਲਾਂਕਣ ਦੇ ਸਭ ਤੋਂ ਵੱਧ ਪ੍ਰਮਾਣਕ ਮਾਡਲਾਂ ਦੀ ਪੁਸ਼ਟੀ ਕਰਦੇ ਹਨ, ਸਮੇਤ ਕੇਸਾਂ ਦੀ ਵਿਆਪਕ ਖੋਜ ਤੋਂ ਪ੍ਰਾਪਤ ਸਬੂਤ ਦੇ ਅਧਾਰ 'ਤੇ ਬਚਾਅ-ਯੋਗ ਫ਼ੈਸਲੇ ਕਰਨ ਦੇ ਸਮਰੱਥ ਕਰਨਾ।

## ਫ਼ਾਰਮ ਨੂੰ ਕਿਵੇਂ ਵਰਤਿਆ ਜਾਏ:

ਫ਼ਾਰਮ ਨੂੰ ਪਹਿਲੀ ਵਾਰੀ ਪੂਰਾ ਭਰਨ ਤੋਂ ਪਹਿਲਾਂ ਅਸੀਂ ਸਿਫ਼ਾਰਸ਼ ਕਰਾਂਗੇ ਕਿ ਤੁਸੀਂ ਪੂਰੀ ਵਿਹਾਰਕ ਸੇਧ ਅਤੇ ਅਕਸਰ ਆਮ ਪੁਛੇ ਜਾਣ ਵਾਲੇ ਸੁਆਲਾਂ ਅਤੇ ਜੁਆਬਾਂ[2] ਨੂੰ ਪੜ੍ਹੋ। ਇਹਨਾਂ ਨੂੰ http://www.safelives.org.uk/marac/RIC_for_Marac.html. ਤੋਂ ਡਾਓਨਲੋਡ ਕੀਤਾ ਜਾ ਸਕਦਾ ਹੈ। ਜ਼ੋਖਮ ਬਦਲਾਓਸ਼ੀਲ ਹੈ ਅਤੇ ਬਹੁਤ ਜਲਦੀ ਬਦਲ ਸਕਦਾ ਹੈ। ਨਵੀਂ ਘਟਨਾ ਤੋਂ ਬਾਦ ਜਾਂਚ-ਸੂਚੀ ਦੀ ਸਮੀਖਿਆ ਕਰਨਾ ਚੰਗਾ ਪ੍ਰੈਕਟਿਸ ਹੈ।

**Marac ਲਈ ਸਿਫ਼ਾਰਸ਼ ਕੀਤੀ ਜਾਣ ਵਾਲੀ ਰੈਫ਼ਰਲ ਕਸੌਟੀ**

1. **ਪੇਸ਼ੇਵਰਾਨਾ ਫ਼ੈਸਲਾ:** ਜੇ ਪੇਸ਼ੇਵਰ ਨੂੰ ਪੀੜ੍ਹਤ ਦੀ ਸਥਿਤੀ ਬਾਰੇ ਗੰਭੀਰ ਚਿੰਤਾਵਾਂ ਹਨ, ਤਾਂ ਉਹਨਾਂ ਨੂੰ ਕੇਸ Marac ਦੇ ਹਵਾਲੇ ਕਰ ਦੇਣਾ ਚਾਹੀਦਾ ਹੈ। ਭਾਵੇਂ ਪੀੜ੍ਹਤ ਆਪਣੇ ਆਪ ਨੂੰ ਹੋਣ ਵਾਲੇ ਜ਼ੋਖਮਾਂ ਨੂੰ ਵਧੇਰੇ ਸਪਸ਼ਟ ਤਰੀਕੇ ਨਾਲ ਉਜਾਗਰ ਕਰਨ ਵਾਲੀ ਜਾਣਕਾਰੀ ਦਾ ਖ਼ੁਲਾਸਾ ਕਰਨ ਤੋਂ ਅਸਮਰੱਥ ਹੋਵੇ, ਕੁਝ ਅਜਿਹੇ ਮੌਕੇ ਹੋਣਗੇ, ਜਦੋਂ ਕੇਸ ਦਾ ਵਿਸ਼ੇਸ਼ ਮਜ਼ਮੂਨ ਗੰਭੀਰ ਚਿੰਤਾਵਾਂ ਪੈਦਾ ਕਰੇਗਾ। ***ਵਿਸ਼ੇਸ਼ ਕਰਕੇ 'ਇੱਜ਼ਤ'-ਅਧਾਰਿਤ ਹਿੰਸਾ ਦੇ ਕੇਸਾਂ ਵਿਚ ਇਸ ਨਾਲ ਡਰ ਦੇ ਸਭ ਤੋਂ ਉੱਚੇ ਪੱਧਰਾਂ, ਖ਼ੁਲਾਸੇ ਸਬੰਧੀ ਸਭਿਆਚਾਰਕ ਰੋਕਾਂ, ਪਰਵਾਸੀ ਮੁੱਦਿਆਂ ਜਾਂ ਭਾਸ਼ਾਈ ਰੁਕਾਵਟਾਂ ਦਾ ਪ੍ਰਗਟਾਵਾ ਹੋ ਸਕਦਾ ਹੈ।*** ਇਹ ਫ਼ੈਸਲਾ, ਪੇਸ਼ੇਵਰ ਦੇ ਅਨੁਭਵ ਅਤੇ/ਜਾਂ ਪੀੜ੍ਹਤ ਦੇ ਆਪਣੇ ਆਪ ਨੂੰ ਹੋਣ ਵਾਲੇ ਖ਼ਤਰੇ ਦੀ ਸੋਝੀ ਤੇ ਅਧਾਰਿਤ ਹੋਏਗਾ, ਭਾਵੇਂ ਉਹ, ਹੇਠਾਂ ਦੀ ਕਸੌਟੀ 2 ਅਤੇ/ਜਾਂ 3 ਨੂੰ ਪੂਰਾ ਨਾ ਕਰਦਾ ਹੋਵੇ।
2. **'ਨਜ਼ਰ ਆਉਂਦੇ ਵੱਡੇ ਖਤਰੇ'**: ਇਸ ਜਾਂਚ-ਸੂਚੀ ਤੇ 'ਸਹੀ ਦਾ ਨਿਸ਼ਾਨ ਲਾਉਣ' ਦੀ ਗਿਣਤੀ। ਜੇ ਤੁਸੀਂ 14 ਜਾਂ ਵਧੇਰੇ 'ਹਾਂ' ਖ਼ਾਨਿਆਂ 'ਚ ਸਹੀ ਦਾ ਨਿਸ਼ਾਨ ਲਾਇਆ ਹੈ, ਤਾਂ ਕੇਸ ਸਧਾਰਣ ਤੌਰ 'ਤੇ Marac ਨੂੰ ਰੈਫ਼ਰ ਕੀਤੇ ਜਾਣ ਦੀ ਕਸੌਟੀ ਨੂੰ ਪੂਰਾ ਕਰੇਗਾ।
3. **ਸੰਭਾਵੀ ਵਾਧਾ:** ਪਿਛਲੇ 12 ਮਹੀਨਿਆਂ ਵਿਚ ਘਰੇਲੂ ਹਿੰਸਾ ਦੇ ਨਤੀਜੇ ਵਜੋਂ ਪੀੜ੍ਹਤ ਲਈ, ਪੁਲਿਸ ਕਾਲਆਉਟਸ (ਪੁਲਿਸ ਵਲੋਂ ਪੀੜ੍ਹਤ ਕੋਲ ਜਾਣਾ) ਦੀ ਗਿਣਤੀ। ਇਸ ਕਸੌਟੀ ਨੂੰ ਉਹਨਾਂ ਕੇਸਾਂ ਦੀ ਪਛਾਣ ਕਰਨ ਲਈ ਵਰਤਿਆ ਜਾ ਸਕਦਾ ਹੈ, ਜਿੱਥੇ ਸੂਚੀ ਵਿਚ ਦਿੱਤੇ ਗਏ ਖ਼ਤਰੇ ਦੇ ਜ਼ਿਆਦਾਤਰ ਕਾਰਣਾਂ ਦੀ ਸ਼ਨਾਖ਼ਤ, ਹਾਂ ਵਿਚ ਨਹੀਂ ਹੁੰਦੀ, ਪਰ ਜਿਥੇ ਸ਼ੋਸ਼ਣ ਵਿਚ ਵਾਧਾ ਹੁੰਦਾ ਲਗਦਾ ਹੈ ਅਤੇ ਜਿਥੇ Marac ਵਿਖੇ ਜਾਣਕਾਰੀ ਸਾਂਝੀ ਕਰਕੇ, ਹਾਲਾਤ ਦਾ ਵਧੇਰੇ ਪੂਰੀ ਤਰ੍ਹਾਂ ਮੁਲਾਂਕਣ ਕਰਨਾ ਉਚਿਤ ਹੁੰਦਾ ਹੈ। 12 ਮਹੀਨੇ ਦੇ ਇਕ ਹਫ਼ਤੇ ਵਿਚ 3 ਜਾਂ ਵੱਧ ਪੁਲਿਸ ਕਾਲਆਉਟਸ ਨਾਲ ਸ਼ੁਰੂ ਕਰਨਾ, ਆਮ ਅਮਲ ਹੈ, ਪਰ ਤੁਹਾਡੀ ਸਥਾਨਕ ਮਿਕਦਾਰ ਅਤੇ ਪੁਲਿਸ ਨੂੰ ਰਿਪੋਰਟ ਦੇ ਤੁਹਾਡੇ ਪੱਧਰ ਦੇ ਅਧਾਰ ਤੇ ਇਸ ਦੀ ਮੁੜ ਪੜਚੋਲ ਕਰਨੀ ਪਏਗੀ।

ਕਿਰਪਾ ਕਰਕੇ ਸਾਰਿਆਂ ਕੇਸਾਂ ਵਿਚ ਪ੍ਰੈਕਟਿਸ਼ਨਰ ਦੀ ਪੇਸ਼ੇਵਰਾਨਾ ਫ਼ੈਸਲੇ ਵਲ ਖ਼ਾਸ ਤੌਰ 'ਤੇ ਧਿਆਨ ਦਿਓ। ਜਾਂਚ-ਸੂਚੀ ਤੋਂ ਕੱਢੇ ਗਏ ਨਤੀਜੇ, ਖ਼ਤਰੇ ਦਾ ਪੂਰਾ ਮੁਲਾਂਕਣ ਨਹੀਂ ਹਨ। ਉਹਨਾਂ ਨੂੰ, ਤੁਹਾਡੇ ਨਿਰਣੇ ਬਾਰੇ ਜਾਣਕਾਰੀ ਦੇਣ ਲਈ, ਤੁਹਾਨੂੰ ਢਾਂਚਾ ਪ੍ਰਦਾਨ ਕਰਨਾ ਚਾਹੀਦਾ ਹੈ ਅਤੇ ਹੋਰ ਸੁਆਲ ਪੁੱਛਣ, ਵਿਸ਼ਲੇਸ਼ਣ ਕਰਨ ਅਤੇ ਜ਼ੋਖਮ ਦੇ ਪ੍ਰਬੰਧ ਲਈ, Marac ਦੇ ਜ਼ਰੀਏ ਹੋਵੇ ਜਾਂ ਕਿਸੇ ਹੋਰ ਤਰੀਕੇ ਨਾਲ ਪ੍ਰਾਂਪਟ ਵਜੋਂ ਕੰਮ ਕਰਨਾ ਚਾਹੀਦਾ ਹੈ। **ਤੁਹਾਡੇ ਸਥਾਨਕ ਹਵਾਲੇ ਦੀ ਪ੍ਰਭਾਵ ਸੀਮਾ ਦੀ ਪਛਾਣ ਕਰਨ ਦੀ ਜ਼ਿੰਮੇਵਾਰੀ ਤੁਹਾਡੇ ਸਥਾਨਕ Marac ਦੀ ਹੈ।**

## ਇਹ ਫਾਰਮ ਕੀ ਨਹੀਂ ਹੈ:

ਇਹ ਫਾਰਮ, ਉਹਨਾਂ ਖਤਰਿਆਂ ਬਾਰੇ ਵੱਡਮੁਲੀ ਜਾਣਕਾਰੀ ਪ੍ਰਦਾਨ ਕਰੇਗਾ, ਜਿਸ ਨਾਲ ਬੱਚੇ ਰਹਿ ਰਹੇ ਹਨ, ਪਰ ਇਹ ਬੱਚਿਆਂ ਨੂੰ ਦਰਪੇਸ਼ ਖਤਰਿਆਂ ਦਾ ਪੂਰਾ ਮੁਲਾਂਕਣ ਨਹੀਂ ਹਨ। ਬੱਚਿਆਂ ਦੀ ਮੌਜੂਦਗੀ, ਘਰੇਲੂ ਹਿੰਸਾ ਦੇ ਖ਼ਤਰਿਆਂ ਨੂੰ ਹੋਰ ਵਧਾ ਦਿੰਦੀ ਹੈ ਅਤੇ ਮਤਰੇਏ ਬੱਚੇ ਖ਼ਾਸ ਤੌਰ 'ਤੇ ਖ਼ਤਰੇ ਵਿਚ ਹੁੰਦੇ ਹਨ। ਜੇ ਬੱਚਿਆਂ ਨੂੰ ਹੋਣ ਵਾਲੇ ਖ਼ਤਰਿਆਂ ਬਾਰੇ ਦੱਸਿਆ ਗਿਆ ਹੈ, ਤਾਂ ਤੁਹਾਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਬੱਚਿਆਂ ਦੀ ਹਾਲਤ ਦੇ ਪੂਰੇ ਮੁਲਾਂਕਣ ਲਈ, ਤੁਹਾਨੂੰ ਕਿਹੜੇ ਹਵਾਲੇ ਦੀ ਲੋੜ ਹੈ।

---

[1] Marac ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ SafeLives Marac ਦੀ ਲਾਗੂ ਕਰਨ ਸਬੰਧੀ ਗਾਈਡ ਵੇਖੋ www.SafeLives.org.uk.

## ਘਰੇਲੂ ਸ਼ੋਸ਼ਣ, 'ਇੱਜ਼ਤ' ਅਧਾਰਿਤ ਹਿੰਸਾ ਅਤੇ/ਜਾਂ ਅਛੋਪਲੇ ਪਿੱਛਾ ਕਰਨ ਬਾਰੇ ਖ਼ੁਲਾਸਾ ਹੋਣ 'ਤੇ Marac ਕੇਸ ਦੀ ਪਛਾਣ ਕਰਨ ਲਈ Idva ਅਤੇ ਹੋਰਨਾਂ ਗ਼ੈਰ-ਪੁਲਿਸ ਏਜੰਸੀਆਂ[3] ਦੀ ਵਰਤੋਂ ਲਈ SafeLives-DASH ਦੀ ਜ਼ੋਖਮ ਦੀ ਸ਼ਨਾਖ਼ਤ ਕਰਨ ਸਬੰਧੀ ਜਾਂਚ-ਸੂਚੀ।

| ਕਿਰਪਾ ਕਰਕੇ ਸਮਝਾਓ ਕਿ ਪੁੱਛੇ ਗਏ ਇਹਨਾਂ ਸੁਆਲਾਂ ਦਾ ਉਦੇਸ਼ ਸਬੰਧਿਤ ਵਿਅਕਤੀ ਦੀ ਸੁਰੱਖਿਆ ਅਤੇ ਹਿਫਾਜ਼ਤ ਕਰਨਾ ਹੈ।<br>ਜੇ ਕਾਰਕ ਮੌਜੂਦ ਹੈ, ਤਾਂ ਖ਼ਾਨੇ 'ਚ ਸਹੀ ਦਾ ਨਿਸ਼ਾਨ ਲਾਓ ☑ । ਕਿਸੇ ਵੀ ਜੁਆਬ ਨੂੰ ਵਿਸਥਾਰ ਨਾਲ ਲਿਖਣ ਲਈ ਕਿਰਪਾ ਕਰਕੇ ਫ਼ਾਰਮ ਦੇ ਅਖ਼ੀਰ ਵਿਚ ਦਿੱਤੇ ਟਿੱਪਣੀ ਬਕਸੇ ਦੀ ਵਰਤੋਂ ਕਰੋ।ਇਹ ਮੰਨਿਆ ਲਿਆ ਗਿਆ ਹੈ ਕਿ ਤੁਹਾਡੀ ਜਾਣਕਾਰੀ ਦਾ ਮੁਖ ਸ੍ਰੋਤ ਪੀੜ੍ਹਤ ਹੀ ਹੈ। ਜੇ <u>ਇੰਜ ਨਹੀਂ ਹੈ,</u> ਤਾਂ ਕਿਰਪਾ ਕਰਕੇ ਸੱਜੇ ਹੱਥ ਵਾਲੇ ਕਾਲਮ ਵਿਚ ਦਰਸਾਓ। | ਹਾਂ (ਨਿਸ਼ਾਨ ਲਾਓ) | ਨਹੀਂ | ਪਤਾ ਨਹੀਂ | ਜੇ ਪੀੜ੍ਹਤ ਨਹੀਂ ਹੈ, ਤਾਂ ਜਾਣਕਾਰੀ ਦਾ ਸ੍ਰੋਤ ਦੱਸੋ ਉਦਾਹਰਣ ਲਈ ਪੁਲਿਸ ਅਫ਼ਸਰ |
|---|---|---|---|---|
| 1. ਕਿ ਮੌਜੂਦਾ ਘਟਨਾ ਦੇ ਨਤੀਜੇ ਵਜੋਂ ਸੱਟ ਲਗੀ ਹੈ?<br>(ਕਿਰਪਾ ਕਰਕੇ ਦੱਸੋ, ਕੀ ਸੱਟ ਲਗੀ ਹੈ ਅਤੇ ਕੀ ਇਹ ਪਹਿਲੀ ਸੱਟ ਹੈ।) | ☐ | ☐ | ☐ | |
| 2. ਕੀ ਤੁਸੀਂ ਬਹੁਤ ਡਰੇ ਹੋਏ ਹੋ?<br>a. ਟਿੱਪਣੀ: | ☐ | ☐ | ☐ | |
| 3. ਤੁਹਾਨੂੰ ਕਿਸਦਾ ਡਰ ਹੈ? ਕੀ ਇਹ ਹੋਰ ਸੱਟ-ਫੇਟ ਜਾਂ ਹਿੰਸਾ ਹੈ? (ਕਿਰਪਾ ਕਰਕੇ ਇਹ ਦੱਸੋ ਕਿ ਤੁਹਾਡਾ ਕੀ ਖ਼ਿਆਲ ਹੈ (ਸ਼ੋਸ਼ਣ ਕਰਨ ਵਾਲੇ(ਵਾਲਿਆਂ) ਦਾ(ਦੇ) ਨਾਂ..................... ਕੀ ਕਰ ਸਕਦਾ ਹੈ ਅਤੇ ਕਿਸ ਨੂੰ, ਬੱਚਿਆਂ ਸਮੇਤ)।<br>a. ਟਿੱਪਣੀ: | ☐ | ☐ | ☐ | |
| 4. ਕੀ ਤੁਸੀਂ ਪਰਿਵਾਰ/ਦੋਸਤਾਂ ਤੋਂ ਅਲੱਗ-ਥਲੱਗ ਮਹਿਸੂਸ ਕਰਦੇ ਹੋ, ਮਤਲਬ, ਕੀ (ਸ਼ੋਸ਼ਣ ਕਰਨ ਵਾਲੇ(ਵਾਲਿਆਂ) ਦਾ(ਦੇ) ਨਾਂ....................) ਤੁਹਾਨੂੰ ਆਪਣੇ ਦੋਸਤਾਂ/ਪਰਿਵਾਰ/ਡਾਕਟਰ ਜਾਂ ਹੋਰਨਾਂ ਨੂੰ ਮਿਲਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ?<br>a. ਟਿੱਪਣੀ: | ☐ | ☐ | ☐ | |
| 5. ਕੀ ਤੁਸੀਂ ਢਹਿੰਦੀ ਕਲਾ ਮਹਿਸੂਸ ਕਰ ਰਹੇ ਹੋ ਜਾਂ ਆਤਮਘਾਤੀ ਵਿਚਾਰ ਆ ਰਹੇ ਹਨ? | ☐ | ☐ | ☐ | |
| 6. ਕੀ ਤੁਸੀਂ ਪਿਛਲੇ ਸਾਲ ਅੰਦਰ (ਸ਼ੋਸ਼ਣ ਵਾਲੇ(ਵਾਲਿਆਂ) ਦਾ(ਦੇ) ਨਾਂ................) ਤੋਂ ਵੱਖ ਹੋਏ ਹੋ ਜਾਂ ਵੱਖ ਹੋਣ ਦੀ ਕੋਸ਼ਿਸ਼ ਕੀਤੀ ਹੈ? | ☐ | ☐ | ☐ | |
| 7. ਕੀ ਬੱਚੇ ਨਾਲ ਸੰਪਰਕ ਕਰਨ ਦੇ ਬਾਰੇ ਵਿਵਾਦ ਹੈ? | ☐ | ☐ | ☐ | |
| 8. ਕੀ ਤੁਹਾਨੂੰ (...................) ਨਿਰੰਤਰ ਲਿਖਦਾ ਹੈ, ਫ਼ੋਨ ਕਰਦਾ ਹੈ, ਸੰਪਰਕ ਕਰਦਾ ਹੈ, ਪਿੱਛੇ ਆਉਂਦਾ ਹੈ, ਅਛੋਪਲੇ ਪਿੱਛਾ ਕਰਦਾ ਜਾਂ ਤੰਗ ਕਰਦਾ ਹੈ?<br>(ਕਿਰਪਾ ਕਰਕੇ ਵਿਸਥਾਰ ਨਾਲ ਦੱਸੋ ਕਿ ਤੁਹਾਨੂੰ ਉਕਸਾਉਣ ਲਈ ਉਸਨੇ ਕੀ ਕੀਤਾ ਅਤੇ ਕੀ ਤੁਹਾਨੂੰ ਲੱਗਦਾ ਹੈ ਕਿ ਇਹ ਉਸਨੇ ਜਾਣਬੁਝ ਕੇ ਕੀਤਾ ਹੈ। ਉਸਦਾ ਮਜ਼ਮੂਨ ਅਤੇ ਕੀ ਕੀਤਾ ਜਾ ਰਿਹਾ ਹੈ, ਸਬੰਧੀ ਵਿਹਾਰ ਧਿਆਨ ਵਿਚ ਰੱਖੋ।) | ☐ | ☐ | ☐ | |
| 9. ਕੀ ਤੁਸੀਂ ਗਰਭਵਤੀ ਹੋ ਜਾਂ ਕੀ ਹਾਲ ਵਿਚ (ਪਿਛਲੇ 18 ਮਹੀਨਿਆਂ ਵਿਚ) ਹੀ ਤੁਹਾਡਾ ਬੱਚਾ ਹੋਇਆ ਹੈ? | ☐ | ☐ | ☐ | |
| 10. ਕੀ ਸ਼ੋਸ਼ਣ ਅਕਸਰ ਆਮ ਹੋ ਰਿਹਾ ਹੈ? | ☐ | ☐ | ☐ | |
| 11. ਕੀ ਸ਼ੋਸ਼ਣ ਬਦਤਰ ਹੋ ਰਿਹਾ ਹੈ? | ☐ | ☐ | ☐ | |
| 12. ਕੀ (.............................) ਤੁਹਾਡੇ ਵਲੋਂ ਕੀਤੇ ਜਾਣ ਵਾਲੇ ਸਾਰੇ ਕੰਮਾਂ 'ਤੇ ਕੰਟ੍ਰੋਲ ਕਰਨ ਦੀ ਕੋਸ਼ਿਸ਼ ਕਰਦਾ/ਕਰਦੀ ਹੈ ਅਤੇ/ਜਾਂ ਕੀ ਉਹ ਬਹੁਤ ਜ਼ਿਆਦਾ ਈਰਖਾ ਕਰਨ ਲੱਗ ਪਿਆ ਹੈ? (ਰਿਸ਼ਤਿਆਂ ਦੇ ਸਬੰਧ 'ਚ, ਤੁਸੀਂ ਕਿਸ ਨੂੰ ਮਿਲਦੇ ਹੋ, 'ਘਰ ਵਿਚ ਹੀ ਪੁਲਿਸ ਵਾਂਗ ਨਿਗਰਾਨੀ' ਹੋਣ ਲੱਗ ਪਈ ਹੈ, ਉਦਾਹਰਣ ਲਈ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਕੀ ਪਾਉਣਾ ਹੈ। 'ਇੱਜ਼ਤ'-ਅਧਾਰਿਤ ਹਿੰਸਾ ਨੂੰ ਧਿਆਨ ਵਿਚ ਰੱਖੋ ਅਤੇ ਵਿਹਾਰ ਬਾਰੇ ਦੱਸੋ।) | | | | |

[2]ਨੋਟ ਕਰੋ: ਇਹ ਲਿਸਟ ਪੁਲਿਸ ਸੇਵਾ ਲਈ ACPO ਸਮਰਥਨ ਖ਼ਤਰਾ ਨਿਰਧਾਰਤ ਮਾਡਲ ਡੈਸ਼ 2009 ਨਾਲ ਇਕਸਾਰ ਹੈ


© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।

| ਜੇ ਕਾਰਕ ਮੌਜੂਦ ਹੈ, ਤਾਂ ਬਕਸੇ ਵਿਚ ਸਹੀ ਦਾ ਨਿਸ਼ਾਨ ਲਾਓ। ਕਿਸੇ ਵੀ ਜੁਆਬ ਦਾ ਵਿਸਥਾਰ ਲਿਖਣ ਲਈ ਕਿਰਪਾ ਕਰਕੇ ਫ਼ਾਰਮ ਦੇ ਅਖ਼ੀਰ ਵਿਚ ਦਿੱਤੇ ਟਿੱਪਣੀ ਬਕਸੇ ਦੀ ਵਰਤੋਂ ਕਰੋ। | ਹਾਂ (ਨਿਸ਼ਾਨ ਲਾਓ) | ਨਹੀਂ | ਪਤਾ ਨਹੀ | ਜੇ ਪੀੜ੍ਹਤ ਨਹੀ ਹੈ, ਤਾਂ ਜਾਣਕਾਰੀ ਦਾ ਸ੍ਰੋਤ ਦੱਸੋ |
|---|---|---|---|---|
| 13. ਕੀ (............................) ਨੇ ਕਦੀ ਤੁਹਾਨੂੰ ਨੁਕਸਾਨ ਪਹੁੰਚਾਉਣ ਲਈ ਹਥਿਆਰਾਂ ਜਾਂ ਵਸਤਾਂ ਦੀ ਵਰਤੋਂ ਕੀਤੀ ਹੈ? | ☐ | ☐ | ☐ | |
| 14. ਕੀ (.......................) ਨੇ ਕਦੀ ਤੁਹਾਨੂੰ ਜਾਂ ਕਿਸੇ ਹੋਰ ਨੂੰ ਮਾਰਣ ਦੀ ਧਮਕੀ ਦਿੱਤੀ ਹੈ ਅਤੇ ਕੀ ਤੁਸੀਂ ਉਹਨਾਂ ਦਾ ਵਿਸ਼ਵਾਸ ਕਰਦੇ ਹੋ? (ਜੇ ਹਾਂ, ਸਹੀ ਦੀ ਨਿਸ਼ਾਨ ਲਾਓ ਕਿ ਕੌਣ।)<br>ਤੁਸੀਂ ☐ ਬੱਚੇ ☐ ਹੋਰ (ਕਿਰਪਾ ਕਰਕੇ ਦੱਸੋ) ☐ | ☐ | ☐ | ☐ | ☐ |
| 15. ਕੀ (.........................) ਨੇ ਤੁਹਾਡਾ ਗਲਾ ਦਬਾਉਣ/ਸੰਘ ਘੁੱਟਣ/ਸਾਹ ਰੋਕਣ/ਡੁਬੋਣ ਦੀ ਕੋਸ਼ਿਸ਼ ਕੀਤੀ ਹੈ? | ☐ | ☐ | ☐ | |
| 16. ਕੀ (..........................) ਨੇ ਜਿਨਸੀ ਕਿਸਮ ਵਾਲੀਆਂ ਗੱਲਾਂ ਜਾਂ ਕੰਮ ਕੀਤੇ, ਜਿਸ ਕਰਕੇ ਤੁਹਾਨੂੰ ਬੁਰਾ ਲੱਗਿਆ, ਜਾਂ ਤੁਹਾਨੂੰ ਜਾਂ ਕਿਸੇ ਹੋਰ ਨੂੰ ਜਿਸਮਾਨੀ ਸੱਟ ਲੱਗੀ ਹੋਵੇ? (ਜੇ ਕੋਈ ਹੋਰ ਹੈ, ਤਾਂ ਦੱਸੋ ਕਿ ਉਹ ਕੌਣ ਹੈ।) | ☐ | ☐ | ☐ | |
| 17. ਕੀ ਕੋਈ ਹੋਰ ਵਿਅਕਤੀ ਹੈ, ਜਿਸਨੇ ਤੁਹਾਨੂੰ ਧਮਕਾਇਆ ਹੈ ਜਾਂ ਜਿਸ ਤੋਂ ਤੁਸੀਂ ਡਰਦੇ ਹੋਵੋ? (ਜੇ ਹਾਂ, ਤਾਂ ਕਿਰਪਾ ਕਰਕੇ ਦੱਸੋ ਕਿ ਉਹ ਕੌਣ ਹੈ ਅਤੇ ਕਿਉਂ। ਜੇ HBV ਹੈ, ਤਾਂ ਵੱਡਾ ਪਰਿਵਾਰ ਵਿਚਾਰੋ।) | ☐ | ☐ | ☐ | |
| 18. ਕੀ ਤੁਹਾਨੂੰ ਪਤਾ ਹੈ ਕਿ ਕੀ (.....................) ਨੇ ਕਿਸੇ ਹੋਰ ਨੂੰ ਵੀ ਨੁਕਸਾਨ ਪੁਚਾਇਆ ਹੈ? (ਕਿਰਪਾ ਕਰਕੇ ਦਸੋ ਕਿ ਕਿਹਨਾਂ ਨੂੰ। ਬੱਚੇ, ਭੈਣ-ਭਰਾ ਜਾਂ ਬਜ਼ੁਰਗ ਰਿਸ਼ਤੇਦਾਰ ਸਮੇਤ। HBV ਵਿਚਾਰੋ)<br>ਬੱਚੇ ☐<br>ਕੋਈ ਹੋਰ ਪਰਿਵਾਰਕ ਮੈਂਬਰ ☐<br>ਪੁਰਾਣੇ ਜਾਣਕਾਰਾਂ/ਰਿਸ਼ਤੇਦਾਰਾਂ ਵਿਚੋਂ ਕੋਈ ☐<br>ਹੋਰ ਕੋਈ (ਕਿਰਪਾ ਕਰਕੇ ਦੱਸੋ) ☐ | ☐ | ☐ | ☐ | |
| 19. ਕੀ (...................) ਨੇ ਕਦੀ ਕਿਸੇ ਜਾਨਵਰ ਨੂੰ ਜਾਂ ਪਰਿਵਾਰ ਦੇ ਪਾਲਤੂ ਜਾਨਵਰ ਨਾਲ ਮੰਦਾ ਵਿਹਾਰ ਕੀਤਾ ਹੈ? | ☐ | ☐ | ☐ | |
| 20. ਕੀ (..........................) ਨੂੰ ਪਿਛਲੇ ਸਾਲ ਵਿਚ ਦਵਾਈਆਂ (ਡਾਕਟਰ ਵਲੋਂ ਲਿਖੀਆਂ ਦਵਾਈਆਂ ਜਾਂ ਹੋਰ), ਸ਼ਰਾਬ ਜਾਂ ਮਾਨਸਿਕ ਸਿਹਤ ਨਾਲ ਸਬੰਧਿਤ ਸਮੱਸਿਆਵਾਂ ਸਨ, ਜਿਸਦੇ ਨਤੀਜੇ ਵਜੋਂ ਇਕ ਸਧਾਰਨ ਜੀਵਨ ਜੀਉਣ ਵਿਚ ਮੁਸ਼ਕਿਲਾਂ ਆਈਆਂ ਹੋਣ? (ਜੇ ਹਾਂ, ਤਾਂ ਕਿਰਪਾ ਕਰਕੇ ਦਸੋ ਕਿ ਕਿਹੜਾ ਅਤੇ ਜੇ ਤੁਹਾਨੂੰ ਪਤਾ ਹੋਣ ਤਾਂ ਸਬੰਧਿਤ ਵੇਰਵੇ ਦਿਓ।)<br>ਦਵਾਈਆਂ ☐<br>ਸ਼ਰਾਬ ☐<br>ਮਾਨਸਿਕ ਸਿਹਤ ☐ | | | | |
| 21. ਕੀ ਕੋਈ ਮਾਲੀ ਮਸਲੇ ਹਨ? ਉਦਾਹਰਣ ਲਈ, ਕੀ ਤੁਸੀਂ ਪੈਸਿਆਂ ਲਈ (...................) 'ਤੇ ਨਿਰਭਰ ਹੋ/ਕੀ ਉਹਨਾਂ ਨੇ ਹਾਲ ਵਿਚ ਹੀ ਆਪਣੀ ਨੌਕਰੀ ਗੁਆਈ ਹੈ/ਹੋਰ ਕੋਈ ਮਾਲੀ ਮਸਲੇ? | | | | |
| 22. ਕੀ (........................) ਨੇ ਕਦੀ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਜਾਂ ਧਮਕੀ ਦਿੱਤੀ ਹੈ? | | | | |


© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।

| ਜੇ ਕਾਰਕ ਮੌਜੂਦ ਹੈ, ਤਾਂ ਬਕਸੇ ਵਿਚ ਸਹੀ ਦਾ ਨਿਸ਼ਾਨ ਲਾਓ। ਕਿਸੇ ਵੀ ਜੁਆਬ ਦਾ ਵਿਸਥਾਰ ਲਿਖਣ ਲਈ ਕਿਰਪਾ ਕਰਕੇ ਫ਼ਾਰਮ ਦੇ ਅਖ਼ੀਰ ਵਿਚ ਦਿੱਤੇ ਟਿੱਪਣੀ ਬਕਸੇ ਦੀ ਵਰਤੋਂ ਕਰੋ। | ਹਾਂ (ਨਿਸ਼ਾਨ ਲਾਓ) | ਨਹੀਂ | ਪਤਾ ਨਹੀ | ਜੇ ਪੀੜ੍ਹਤ ਨਹੀਂ ਹੈ, ਤਾਂ ਜਾਣਕਾਰੀ ਦਾ ਸ੍ਰੋਤ ਦੱਸੋ |
|---|---|---|---|---|
| 23. ਕੀ (........................) ਨੇ ਕਦੀ ਜ਼ਮਾਨਤ ਦੇ ਨੇਮ ਅਤੇ/ਜਾਂ ਅਦਾਲਤੀ ਹੁਕਮ ਅਤੇ/ਜਾਂ ਤੁਹਾਨੂੰ ਅਤੇ/ਜਾਂ ਬੱਚਿਆਂ ਨੂੰ ਮਿਲਣ ਸਬੰਧੀ ਰਸਮੀ ਇਕਰਾਰਨਾਮੇ ਦੀ ਉਲੰਘਣਾ ਕੀਤੀ ਹੈ? (ਜੇ ਲੋੜ ਹੋਵੇ, ਤਾਂ ਤੁਸੀਂ ਇਸਨੂੰ ਹਮਲਾਵਰ ਦੇ ਸਾਬਕਾ-ਸਹਿਯੋਗੀ (ਸਾਬਕਾ ਵਿਆਹੁਤਾ ਸਾਥੀ) ਬਾਰੇ ਵਿਚਾਰਨਾ ਦੀ ਇੱਛਾ ਕਰ ਸਕਦੇ ਹੋ।)<br>ਜ਼ਮਾਨਤ ਦੇ ਨੇਮ ☐<br>ਛੇੜਛਾੜ/ਕਬਜ਼ਾ ਨਾ ਕਰਨ ਸਬੰਧੀ ਨਿਰਦੇਸ਼/ਆਦੇਸ਼ ☐<br>ਬੱਚੇ ਨਾਲ ਸੰਪਰਕ ਸਬੰਧੀ ਇੰਤਜ਼ਾਮ ☐<br>ਜ਼ਬਰੀ ਵਿਆਹ ਤੋਂ ਬਚਾਉਣ ਸਬੰਧੀ ਨਿਰਦੇਸ਼/ਆਦੇਸ਼ ☐<br>ਹੋਰ ☐ | ☐ | ☐ | ☐ | |
| 24. ਕੀ ਤੁਹਾਨੂੰ ਪਤਾ ਹੈ ਕਿ ਕੀ (........................) ਦੀ ਪੁਲਿਸ ਨਾਲ ਕਦੀ ਕੋਈ ਸਮੱਸਿਆ ਹੋਈ ਹੈ ਜਾਂ ਉਸਦਾ ਮੁਜ਼ਰਮਾਨਾ ਪਿਛੋਕੜ ਹੈ? (ਜੇ ਹਾਂ, ਤਾਂ ਕਿਰਪਾ ਕਰਕੇ ਦੱਸੋ।)<br>ਡੀਵੀ (DV) ☐<br>ਜਿਨਸੀ ਹਿੰਸਾ ☐<br>ਹੋਰ ਹਿੰਸਾ ☐<br>ਹੋਰ ☐ | ☐ | ☐ | ☐ | |
| ਕੁਲ 'ਹਾਂ' ਜਵਾਬ | | | | |

**ਪੇਸ਼ੇਵਰ ਵਲੋਂ ਵਿਚਾਰਣ ਲਈ:**

| | |
|---|---|
| ਕੀ ਕੋਈ ਸਬੰਧਿਤ ਜਾਣਕਾਰੀ ਹੈ (ਪੀੜ੍ਹਤ ਜਾਂ ਪੇਸ਼ੇਵਰ ਲਈ) ਜੋ ਜ਼ੋਖਮ ਦੇ ਪੱਧਰਾਂ ਨੂੰ ਵਧਾ ਸਕਦੀ ਹੋਵੇ? ਅਪੰਗਤਾ, ਨਸ਼ੀਲੇ ਪਦਾਰਥ ਦੀ ਦੁਰਵਰਤੋਂ, ਮਾਨਸਿਕ ਸਿਹਤ ਮੁੱਦੇ, ਸਭਿਆਚਾਰਕ/ਭਾਸ਼ਾਈ ਰੁਕਾਵਟਾਂ, 'ਇੱਜ਼ਤ'-ਅਧਾਰਿਤ ਪ੍ਰਣਾਲੀਆਂ ਅਤੇ ਸਬੰਧਿਤ ਪੀੜ੍ਹਤ ਦੇ ਹਾਲਾਤ ਘੱਟ ਤੋਂ ਘੱਟ ਕੀਤੇ ਜਾਣ ਨੂੰ ਵਿਚਾਰੋ। ਕੀ ਉਹ ਤੁਹਾਡੀ ਸੇਵਾ ਲੈਣ ਲਈ ਰਾਜ਼ੀ ਹਨ? ਖੁਲਾਸਾ ਕਰੋ: | |
| ਸ਼ੋਸ਼ਣ ਕਰਨ ਵਾਲੇ ਦੇ ਕਿੱਤੇ/ਦਿਲਚਸਪੀਆਂ ਨੂੰ ਵਿਚਾਰੋ - ਕੀ ਇਹ ਉਨ੍ਹਾਂ ਦੀ ਹਥਿਆਰਾਂ ਤੱਕ ਵਿਲੱਖਣ ਪਹੁੰਚ ਕਰਵਾਉਂਦਾ ਹੈ? ਖੁਲਾਸਾ ਕਰੋ: | |
| ਉਹਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੀੜ੍ਹਤ ਦੀਆਂ ਸਭ ਤੋਂ ਵੱਡੀਆਂ ਤਰਜੀਹਾਂ ਕੀ ਹਨ? | |

| | | | |
|---|---|---|---|
| ਕੀ ਤੁਸੀਂ ਮੰਨਦੇ ਹੋ ਕਿ ਇਸ ਕੇਸ ਨੂੰ **Marac** ਦੇ ਹਵਾਲੇ ਕਰਨ ਲਈ ਢੁੱਕਵੇਂ ਕਾਰਨ ਹਨ | | ਹਾਂ ☐ ਨਹੀਂ ☐ | |
| ਜੇ ਹਾਂ, ਤਾਂ ਕੀ ਤੁਸੀਂ ਰੈਫ਼ਰਲ ਦਿੱਤਾ ਹੈ? | | ਹਾਂ ☐ ਨਹੀਂ ☐ | |
| **ਦਸਤਖ਼ਤ ਕੀਤੇ:** | | ਤਾਰੀਖ਼ : | |
| ਕੀ ਤੁਸੀਂ ਮੰਨਦੇ ਹੋ ਕਿ ਪਰਿਵਾਰ ਵਿਚ ਬੱਚਿਆਂ ਨੂੰ ਖ਼ਤਰੇ ਦਰਪੇਸ਼ ਹਨ? | | ਹਾਂ ☐ ਨਹੀਂ ☐ | |
| ਜੇ ਹਾਂ, ਤਾਂ ਕਿਰਪਾ ਕਰਕੇ ਪੁਸ਼ਟੀ ਕਰੋ ਕਿ ਕੀ ਤੁਸੀਂ ਬੱਚਿਆਂ ਦੀ ਸੁਰੱਖਿਆ ਲਈ ਰੈਫ਼ਰਲ ਕੀਤਾ ਹੈ: ਹਾਂ/ਨਹੀਂ<br>ਰੈਫ਼ਰਲ ਕੀਤੇ ਜਾਣ ਦੀ ਤਾਰੀਖ਼ | ਹਾਂ ☐ ਨਹੀਂ ☐ | ਰੈਫ਼ਰਲ ਕੀਤੇ ਜਾਣ ਦੀ ਤਾਰੀਖ਼ | |
| **ਦਸਤਖ਼ਤ ਕੀਤੇ:** | | ਤਾਰੀਖ਼ | |
| **ਨਾਂ:** | | | |



© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।

| ਪ੍ਰੈਕਟਿਸ਼ਨਰ ਦੀਆਂ ਟਿੱਪਣੀਆਂ |
| --- |
| |


© SafeLives 2015. ਜਦੋ ਰੀਪਰਿਨਟ ਕਰੋ SafeLives ਨੂੰ ਪ੍ਰਵਾਨ ਕਰੋ ਜੀ। 1106864 ਰਜਿਸਟਰਡ ਚੈਰਿਟੀ ਨੰਬਰ ਹੈ।